
ਰੋਜ਼ਾਨਾ ਲੋਕ ਬਾਣੀ ਨੂੰ ਪੱਤਰਕਾਰਾਂ ਦੀ ਲੋੜ
99155-94111

ਰੋਜ਼ਾਨਾ ਸੱਚ ਤੇ ਨਿਡਰ ਆਵਾਜ਼

# ਲੋਕ ਬਾਣੀ

Email : lokbani08@gmail.com ਬੁੱਧਵਾਰ, 01 ਜੂਨ 2022 ਮੁੱਖ ਸੰਪਾਦਕ :- ਅਮਨ ਮਹਿਰਾ (ਜਲੰਧਰ)

ਇਸ਼ਤਿਹਾਰ ਲਵਾਓ ਵਪਾਰ ਵਧਾਓ
ਰੋਜ਼ਾਨਾ ਲੋਕ ਬਾਣੀ
ਅਖ਼ਬਾਰ ਵਿਚ ਸੰਪਰਕ ਕਰੋ
0181-2211009
Newslokbani@gmail.com



R.N.I. Punpun/29016/2008 ✲ ਸਾਲ : 14 ✲ ਅੰਕ : 441 ✲ ਮੁੱਲ : 5.00 ਰੁਪਏ ✲ ਕੁੱਲ ਪੇਜ਼ : 10 ✲ ਫੈਕਸ : 0181-2211009 ✲ M. 99155-94111









## ਲੱਖਾਂ ਪ੍ਰੇਮੀਆਂ ਨੇ ਸਿੱਧੂ ਮੂਸੇਵਾਲਾ ਦੇ ਸੰਸਕਾਰ ਮੌਕੇ ਭਰੀ ਹਾਜ਼ਰੀ

**ਜਲੰਧਰ/ਵਿਸ਼ਾਲ ਸ਼ੈਲੀ:-** ਪ੍ਰਸਿੱਧ ਪੰਜਾਬੀ ਗਾਇਕ ਸਿੱਧੂ ਮੂਸੇ ਵਾਲੇ ਦਾ ਅੰਤਿਮ ਸੰਸਕਾਰ ਪਿੰਡ ਮੂਸਾ ਵਿਖੇ ਕਰ ਦਿੱਤਾ ਗਿਆ ਹੈ। ਇਸ ਵੇਲੇ ਹਜਾਰਾਂ ਸੇਜਲ ਅੱਖਾਂ ਨਾਲ ਉਨ੍ਹਾਂ ਨੂੰ ਵਿਦਾਇਗੀ ਦਿੱਤੀ ਗਈ ਹੈ। ਪੰਜਾਬ, ਹਰਿਆਣਾ, ਰਾਜਸਥਾਨ ਤੋਂ ਵੱਡੀ ਗਿਣਤੀ ਵਿਚ ਲੋਕ ਪੁੱਜੇ ਹੋਏ ਸਨ। ਇਸ ਮੌਕੇ ਸਿੱਧੂ ਮੂਸੇਵਾਲਾ ਦੀ ਮਾਤਾ ਚਰਨ ਕੌਰ ਨੇ ਪੁੱਤ ਦੇ ਸਿਰ ਉਤੇ ਆਖਰੀ ਵਾਰ ਜੂੜਾ ਕੀਤਾ ਅਤੇ ਪਿਤਾ ਬਲਕੌਰ ਸਿੰਘ ਵਲੋਂ ਆਪਣੇ ਪੁੱਤਰ ਦੇ ਸਿਰ ਉਤੇ ਨਾਬੀ ਰੰਗ ਦੀ ਪੱਗ ਨੂੰ ਅੰਤਿਮ ਵਿਦਾਇਗੀ ਵੇਲੇ ਸਜਾਇਆ ਗਿਆ।ਸਿੱਧੂ ਮੂਸੇਵਾਲਾ ਦੇ ਪਿਤਾ ਨੇ ਲੋਕਾਂ ਦੀ ਜੁੜੀ ਵੱਡੀ ਭੀੜ ਦਾ ਆਪਣੇ ਸਿਰ ਤੋਂ ਪੱਗ ਲਾਹਕੇ ਧੰਨਵਾਦ ਕੀਤਾ ਗਿਆ। ਇਸ ਮੌਕੇ ਵੱਡੀ ਗਿਣਤੀ ਵਿਚ ਰਾਜਸੀ ਨੇਤਾ ਜੁੜੇ ਹੋਏ ਸਨ।ਨੌਜਵਾਨ ਪੰਜਾਬੀ ਗਾਇਕ ਸਿੱਧੂ ਮੂਸੇ ਵਾਲੇ ਦੇ ਅੰਤਿਮ ਦਰਸਨਾਂ ਲਈ ਅੱਜ ਵੱਡੇ ਪੱਧਰ ਉਤੇ ਲੋਕਾਂ ਦਾ ਇਕੱਠ ਜੁੜਿਆ। ਲੋਕ ਅੱਧੀ ਰਾਤ ਤੋਂ ਪੰਜਾਬ, ਹਰਿਆਣਾ, ਦਿੱਲੀ, ਰਾਜਸਥਾਨ ਤੋਂ ਪੁੱਜੇ। ਦੇਹ ਨੂੰ ਸਸਕਾਰ ਲਈ ਸਿੱਧੂ ਮੂਸੇਵਾਲਾ ਦੇ ਮਨਪਸੰਦ ਟਰੈਕਟਰ 5911 ਉਤੇ ਲਿਜਾਇਆ ਗਿਆ। ਸਸਕਾਰ ਪਿੰਡ ਮੂਸਾ ਦੀ ਸਮਸਾਨ ਭੂਮੀ ਵਿੱਚ ਕਰਨ ਦੀ ਥਾਂ, ਸਗੋਂ ਉਸ ਦੇ ਆਪਣੇ ਖੇਤਾਂ ਵਿਚ ਕੀਤਾ ਗਿਆ।

## ਟਿਕੈਤ ਤੇ ਸਿਆਹੀ ਸੁਟਣ ਮਾਮਲੇ ਵਿੱਚ ਟਿਕੈਤ ਦਾ ਆਇਆ ਬਿਆਨ



**ਦਿੱਲੀ/ਕਪੂਰ:-** ਭਾਰਤੀ ਕਿਸਾਨ ਯੂਨੀਅਨ (ਬੀਕੇਯੂ) ਦੇ ਆਗੂ ਰਾਕੇਸ ਟਿਕੈਤ ਨੇ ਕਿਹਾ ਹੈ ਕਿ ਬੰਗਲੌਰ ਵਿੱਚ ਉਨ੍ਹਾਂ ’ਤੇ ਸਿਆਹੀ ਸੁੱਟਣ ਤੇ ਘਾਤਕ ਹਮਲੇ ਕਿਸਾਨਾਂ ਅਤੇ ਮਜਦੂਰਾਂ ਦੀ ਆਵਾਜ ਨੂੰ ਦਬਾ ਨਹੀਂ ਸਕਦੇ। ਕਰਨਾਟਕ ਦੀ ਰਾਜਧਾਨੀ ‘ਚ ਗਾਂਧੀ ਭਵਨ ‘ਚ ਸੋਮਵਾਰ ਨੂੰ ਕਿਸਾਨ ਸੰਗਠਨ ਵਲੋਂ ਕਰਵਾਏ ਪ੍ਰੋਗਰਾਮ ਦੌਰਾਨ ਬਦਮਾਸਾਂ ਨੇ ਟਿਕੈਤ ‘ਤੇ ਸਿਆਹੀ ਸੁੱਟ ਦਿੱਤੀ। ਪੁਲੀਸ ਨੇ ਇਸ ਸਬੰਧ ਵਿੱਚ ਤਿੰਨ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ। ਇਸ ਤੋਂ ਬਾਅਦ ਪ੍ਰਬੰਧਕਾਂ ਅਤੇ ਬਦਮਾਸਾਂ ਨੇ ਦੂਜੇ ‘ਤੇ ਪਲਾਸਟਿਕ ਦੀਆਂ ਕੁਰਸੀਆਂ ਨਾਲ ਹਮਲਾ ਕਰ ਦਿੱਤਾ। ਟਿਕੈਤ ਨੇ ਘਟਨਾ ਲਈ ਸਥਾਨਕ ਪੁਲੀਸ ਨੂੰ ਜ਼ਿੰਮੇਵਾਰ ਠਹਿਰਾਇਆ ਅਤੇ ਦੋਸ ਲਾਇਆ ਕਿ ਇਹ ਹਮਲਾ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਅਗਵਾਈ ਵਾਲੀ ਸੂਬਾ ਸਰਕਾਰ ਦੀ ਮਿਲੀਭੁਗਤ ਨਾਲ ਕੀਤਾ ਗਿਆ ਸੀ। ਕਿਸਾਨ ਨੇਤਾ ਨੇ ਸੋਮਵਾਰ ਦੇਰ ਰਾਤ ਟਵੀਟ ਕੀਤਾ, ‘ਕਾਲੀ ਸਿਆਹੀ ਅਤੇ ਘਾਤਕ ਹਮਲੇ ਇਸ ਦੇਸ ਦੇ ਕਿਸਾਨਾਂ, ਮਜਦੂਰਾਂ, ਦਲਿਤਾਂ, ਦੱਬੇ-ਕੁਚਲੇ, ਪਛੜੇ ਅਤੇ ਆਦਿਵਾਸੀਆਂ ਦੀ ਆਵਾਜ ਨੂੰ ਦਬਾ ਨਹੀਂ ਸਕਦੇ। ਆਖਰੀ ਸਾਹ ਤੱਕ ਲੜਾਈ ਜਾਰੀ ਰਹੇਗੀ।’

## ਕਲਯੁਗੀ ਮਾਂ ਦਾ ਕਾਰਨਾਮਾ 6 ਬੱਚੇ ਸੁੱਟੇ ਖੂਹ ’ਚ

ਮਹਾਰਾਸਟਰ ਦੇ ਰਾਏਗੜ੍ਹ ਜਿਲ੍ਹੇ ਵਿੱਚ ਸੋਮਵਾਰ ਨੂੰ ਇੱਕ ਦਿਲ ਦਹਿਲਾ ਦੇਣ ਵਾਲੀ ਘਟਨਾ ਨੇ ਪੂਰੇ ਇਲਾਕੇ ਵਿੱਚ ਸਨਸਨੀ ਮਚਾ ਦਿੱਤੀ। ਜ਼ਿਲ੍ਹੇ ਦੀ ਮਹਾਡ ਤਹਿਸੀਲ ‘ਚ ਰਹਿਣ ਵਾਲੀ ਇਕ ਔਰਤ ਨੇ ਆਪਣੇ 6 ਬੱਚਿਆਂ ਨੂੰ ਖੂਹ ‘ਚ ਸੁੱਟ ਦਿੱਤਾ, ਜਿਸ ਕਾਰਨ ਸਾਰੇ ਬੱਚਿਆਂ ਦੀ ਦਰਦਨਾਕ ਮੌਤ ਹੋ ਗਈ। ਦੱਸਿਆ ਜਾ ਰਿਹਾ ਹੈ ਕਿ ਰੂਨਾ ਨਾਂ ਦੀ ਔਰਤ ਦਾ ਆਪਣੇ ਪਤੀ ਚਿਖੂਰੀ ਸਾਹਨੀ ਨਾਲ ਝਗੜਾ ਹੋ ਗਿਆ ਸੀ। ਇਸ ਗੱਲ ਨੂੰ ਲੈ ਕੇ ਸੋਮਵਾਰ ਰਾਤ ਕਰੀਬ 8 ਵਜੇ ਉਸ ਨੇ ਆਪਣੇ 6 ਬੱਚਿਆਂ ਨੂੰ ਖੂਹ ‘ਚ ਧੱਕਾ ਦੇ ਕੇ ਸੁੱਟ ਦਿੱਤਾ। ਇਸ ਤੋਂ ਬਾਅਦ ਉਸ ਨੇ ਖੁਦ ਖੂਹ ‘ਚ ਛਾਲ ਮਾਰ ਦਿੱਤੀ। ਜਦੋਂ ਰੂਨਾ ਖੂਹ ਵਿੱਚ ਛਾਲ ਮਾਰਨ ਜਾ ਰਹੀ ਸੀ ਤਾਂ ਉਥੋਂ ਲੰਘ ਰਹੇ ਇੱਕ ਵਿਅਕਤੀ ਨੇ ਉਸ ਨੂੰ ਦੇਖ ਲਿਆ। ਉਸ ਆਦਮੀ ਨੇ ਰੌਲਾ ਪਾ ਕੇ ਪਿੰਡ ਵਾਲਿਆਂ ਨੂੰ ਇਕੱਠਾ ਕਰ ਲਿਆ। ਰੂਨਾ ਨੂੰ ਕਿਸੇ ਤਰ੍ਹਾਂ ਸੁਰੱਖਿਅਤ ਬਾਹਰ ਕੱਢ ਲਿਆ ਗਿਆ ਪਰ ਮਾਸੂਮ ਬੱਚਿਆਂ ਨੂੰ ਬਚਾਇਆ ਨਹੀਂ ਜਾ ਸਕਿਆ। ਖਬਰ ਲਿਖੇ ਜਾਣ ਤੱਕ ਪੁਲਿਸ ਨੇ ਖੂਹ ‘ਚੋਂ 4 ਬੱਚਿਆਂ ਦੀਆਂ ਲਾਸਾਂ ਕੱਢ ਲਈਆਂ ਸਨ, ਜਦਕਿ 2 ਦੀ ਭਾਲ ਜਾਰੀ ਸੀ।



## ਖਤਰਨਾਕ ਬਿਮਾਰੀ ਨੇ ਦਿੱਤੀ ਇਰਾਕ ਵਿੱਚ ਦਸਤਕ

ਇਨ੍ਹੀਂ ਦਿਨੀਂ ਮੱਧ-ਪੂਰਬੀ ਏਸੀਆਈ ਦੇਸ ਇਰਾਕ ਵਿੱਚ ਇੱਕ ਨਵੀਂ ਕਿਸਮ ਦੀ ਬਿਮਾਰੀ ਤੇਜੀ ਨਾਲ ਫੈਲ ਰਹੀ ਹੈ। ਇਸ ਵਿਚ ਮਰੀਜ ਨੂੰ ਤੇਜ ਬੁਖਾਰ ਹੁੰਦਾ ਹੈ ਅਤੇ ਉਸ ਦੇ ਨੱਕ ਵਿਚੋਂ ਖੂਨ ਨਿਕਲਦਾ ਹੈ। ਇਸ ਬਿਮਾਰੀ ਤੋਂ ਪੀੜਤ ਮਰੀਜ ਨੱਕ ਵਿੱਚੋਂ ਜ਼ਿਆਦਾ ਖੂਨ ਵਗਣ ਕਾਰਨ ਮਰ ਰਹੇ ਹਨ। ਵਿਸਵ ਸਿਹਤ ਸੰਗਠਨ ਮੁਤਾਬਕ ਇਰਾਕ ਵਿੱਚ ਇਸ ਬਿਮਾਰੀ ਕਾਰਨ ਹੁਣ ਤੱਕ 19 ਮੌਤਾਂ ਹੋ ਚੁੱਕੀਆਂ ਹਨ। ਵਿਸਵ ਸਿਹਤ ਸੰਗਠਨ ਦੇ ਅਨੁਸਾਰ ਇਹ ਵਾਇਰਸ ਨਾਲ ਫੈਲਣ ਵਾਲੀ ਬਿਮਾਰੀ ਹੈ, ਜਿਸ ਲਈ ਅਜੇ ਤੱਕ ਕੋਈ ਟੀਕਾ ਉਪਲਬਧ ਨਹੀਂ ਹੈ। ਨਿਊਜ ਏਜੰਸੀ ਏਐਫਪੀ ਦੀ ਰਿਪੋਰਟ ਦੇ ਅਨੁਸਾਰ ਇੱਕ ਸਿਹਤ ਕਰਮਚਾਰੀ ਗਾਂ ‘ਤੇ ਕੀਟਨਾਸਕ ਦਾ ਛਿੜਕਾਅ ਕਰਦੇ ਸਮੇਂ ਇਸ ਵਾਇਰਸ ਦੀ ਲਾਗ ਦਾ ਸ਼ਿਕਾਰ ਹੋ ਗਿਆ।



## ਪੰਜਾਬ ਪੁਲਿਸ ਨੇ ਲਿਆ ਲਾਰੈਂਸ ਬਿਸ਼ਨੋਈ ਦਾ 5 ਦਿਨ ਦਾ ਰਿਮਾਂਡ

**ਚੰਡੀਗੜ੍ਹ/ਵਿਨੋਦ ਸ਼ਰਮਾ:-** ਗੈਂਗਸਟਰ ਲਾਰੈਂਸ ਬਿਸ਼ਨੋਈ ਨੂੰ ਰੋਹਿਨੀ ਅਦਾਲਤ ‘ਚ ਅੱਜ ਪੇਸ਼ ਕੀਤਾ ਗਿਆ। ਇਸ ਦੌਰਾਨ ਸਪੈਸ਼ਲ ਸੈੱਲ ਦੀ ਟੀਮ ਨੇ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਕੇਸ ‘ਚ ਲਾਰੈਂਸ ਬਿਸ਼ਨੋਈ ਨੂੰ 5 ਦਿਨਾਂ ਲਈ ਹਿਰਾਸਤ ‘ਚ ਲੈ ਲਿਆ ਹੈ ਤੇ ਪੁੱਛਗਿਛ ਕੀਤੀ ਜਾ ਰਹੀ ਹੈ।

## ਕਿਸਾਨਾਂ ਕੀਤਾ ਅੰਮ੍ਰਿਤਸਰ ਅਟਾਰੀ ਹਾਈਵੇ ਜਾਮ

**ਅੰਮ੍ਰਿਤਸਰ/ਰਾਜਾ ਕੋਟਲੀ**

ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵਲੋਂ ਕੌਮਾਂਤਰੀ ਅਟਾਰੀ ਲਾਹੌਰ ਹਾਈਵੇ ਤੇ ਰੋਸ ਧਰਨਾ ਦੇ ਕੇ ਰੋਡ ਜਾਮ ਕਰ ਦਿੱਤਾ ਗਿਆ। ਹਾਈਵੇਅ ਜਾਮ ਹੋਣ ਕਾਰਨ ਭਾਰਤ ਪਾਕਿਸਤਾਨ ਦੋਹਾਂ ਗੁਆਂਢੀ ਦੇਸ਼ਾਂ ਦੀਆਂ ਸਰਹੱਦੀ ਫ਼ੌਜਾਂ ਦੀ ਸਾਂਝੀ ਰੀਟਰੀਟ ਸੈਰੇਮਨੀ ਦੇਖਣ ਜਾਣ ਵਾਲੇ ਸੈਲਾਨੀਆਂ ਨੂੰ ਭਾਰੀ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ ਹੈ। ਕਿਸਾਨ ਆਗੂ ਬੀ.ਡੀ.ਪੀ.ਓ. ਅਟਾਰੀ ਬਲਾਕ ਮੈਡਮ ਜਸਬੀਰ ਕੌਰ ਵਿਰੁੱਧ ਨਾਅਰੇਬਾਜ਼ੀ ਕਰ ਰਹੇ ਸਨ।

## ਅਨੋਖੀ ਸੱਜਾ ਮਾਮਲੇ ’ਚ ਇਰਾਨ ਆਇਆ ਚਰਚਾ ’ਚ

ਇਰਾਨ ‘ਚ ਆਪਣੇ ਸਾਥੀ ਨੂੰ ਵਿਆਹ ਲਈ ਰਿਸਤੇ ‘ਚ ਧੋਖਾ ਦੇਣ ਦੇ ਦੋਸ ‘ਚ 51 ਲੋਕਾਂ ਨੂੰ ਮੌਤ ਦੀ ਸਜਾ ਸੁਣਾਈ ਗਈ ਹੈ। ਇਨ੍ਹਾਂ ਲੋਕਾਂ ਨੂੰ ਪੱਥਰਾਂ ਨਾਲ-ਮਾਰ ਕੇ ਮਾਰਿਆ ਜਾਵੇਗਾ। ਇਰਾਨ ‘ਚ ਮਨੁੱਖੀ ਅਧਿਕਾਰਾਂ ਦੇ ਘਾਣ ਨਾਲ ਜੁੜੇ ਗੁਪਤ ਦਸਤਾਵੇਜਾਂ ਦੇ ਲੀਕ ਹੋਣ ਤੋਂ ਬਾਅਦ ਹੈਰਾਨ ਕਰਨ ਵਾਲੇ ਖੁਲਾਸੇ ਹੋਏ ਹਨ। ਇਨ੍ਹਾਂ ਲੋਕਾਂ ਨੂੰ ਸਰੀਆ ਕਾਨੂੰਨ ਤਹਿਤ ਸਜਾ ਸੁਣਾਈ ਗਈ ਹੈ। ‘ਦਿ ਸਨ’ ਦੀ ਰਿਪੋਰਟ ਮੁਤਾਬਕ ਕੁੱਲ 23 ਔਰਤਾਂ ਅਤੇ 28 ਮਰਦ ਇਸ ਭਿਆਨਕ ਸਜਾ ਦਾ ਇੰਤਜਾਰ ਕਰ ਰਹੇ ਹਨ। ਇਨ੍ਹਾਂ ਵਿੱਚੋਂ ਕਈ ਅਜਿਹੇ ਹਨ ਜਿਨ੍ਹਾਂ ਦੀ ਉਮਰ 20-30 ਸਾਲ ਦੇ ਵਿਚਕਾਰ ਹੈ। ਇਰਾਨ ਇੱਕ ਇਸਲਾਮੀ ਦੇਸ ਹੈ। ਇੱਥੇ ਸਰੀਆ ਕਾਨੂੰਨ ਤਹਿਤ ਅਪਰਾਧ ਦੀ ਸਜਾ ਦਿੱਤੀ ਜਾਂਦੀ ਹੈ। ਇਸਲਾਮੀ ਜੱਜ ਵਿਭਚਾਰ ਲਈ ਇੱਕ ਜੀਰੋ-ਸਹਿਣਸੀਲਤਾ ਦੀ ਪਹੁੰਚ ਅਪਣਾਉਂਦੇ ਹਨ। ਕੁਰਾਨ ਵਿੱਚ ਵਿਭਚਾਰ ਨੂੰ ਇੱਕ ਗੰਭੀਰ ਪਾਪ ਮੰਨਿਆ ਗਿਆ ਹੈ।



ਪੰਜਾਬ ਦੇ ਹਰ ਜ਼ਿਲ੍ਹੇ ਤੋਂ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਲਈ ਪੱਤਰਕਾਰਾਂ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ
ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111

# ਪੰਜਾਬ ਪੁਲਿਸ ਦੇ ਏਸੀਪੀ ਸੁਖਜਿੰਦਰ ਸਿੰਘ ਸਮੇਤ 3 ਖਿਲਾਫ਼ ਐਫ.ਆਈ.ਆਰ ਦਰਜ

**ਜਲੰਧਰ/ਸੰਜੇ ਰਾਜਪੂਤ**

ਬੀਤੇ ਦਿਨ ਇਕ ਏਐਸਆਈ ਦੇ ਵਲੋਂ ਜਲੰਧਰ ਵਿਚ ਖੁਦ ਨੂੰ ਗੋਲੀ ਮਾਰ ਕੇ ਖੁਦਕੁਸੀ ਕਰ ਲਈ ਸੀ। ਉਸੇ ਮਾਮਲੇ ਚ ਪੁਲਿਸ ਦੇ ਵਲੋਂ ਜਲੰਧਰ ਕਮਿਸਨਰੇਟ ਪੁਲੀਸ ਦੇ ਏਸੀਪੀ ਸੁਖਜਿੰਦਰ ਸਿੰਘ, ਰਾਜੀਵ ਅਗਰਵਾਲ ਉਰਫ ਲਾਲਾ ਅਤੇ ਗੁਰਇਕਬਾਲ ਵਿਰੁੱਧ ਥਾਣਾ ਡਿਵੀਜਨ ਨੰਬਰ-7 ਵਿੱਚ ਮਾਮਲਾ ਦਰਜ ਕੀਤਾ ਹੈ। ਇਹ ਮਾਮਲਾ ਮ੍ਰਿਤਕ ਸਵਰਨ ਸਿੰਘ ਏਐਸਆਈ ਵਾਸੀ ਪਿੰਡ ਸੇਖੇ ਦੀ ਪਤਨੀ ਰਣਜੀਤ ਕੌਰ ਦੇ ਬਿਆਨਾਂ ਤੇ ਦਰਜ ਕੀਤਾ ਗਿਆ ਹੈ।




ਪੰਜਾਬੀ ਟ੍ਰਿਬਿਊਨ ਦੀ ਖਬਰ ਦੇ ਮੁਤਾਬਿਕ, ਰਣਜੀਤ ਕੌਰ ਨੇ ਪੁਲਿਸ ਨੂੰ ਦਿੱਤੇ ਬਿਆਨਾਂ ਵਿਚ ਦੋਸ ਲਗਾਇਆ ਕਿ, ਉਸ ਦਾ ਪਤੀ ਪੁਲਸ ਵਿਭਾਗ ਵਿੱਚ ਏਐੱਸਆਈ ਸੀ ਅਤੇ ਏਸੀਪੀ ਸੁਖਜਿੰਦਰ ਸਿੰਘ ਦਾ ਡਰਾਈਵਰ ਸੀ। 28 ਮਈ ਦੀ ਰਾਤ ਨੂੰ ਉਹ ਡਿਊਟੀ ’ਤੇ ਗਿਆ ਸੀ ਤੇ 29 ਮਈ ਨੂੰ ਦੇਰ ਰਾਤ ਕਰੀਬ 1 ਵਜੇ ਉਨ੍ਹਾਂ ਦੀ ਲੜਕੀ ਲਵਪ੍ਰੀਤ ਕੌਰ ਨੇ ਕੈਨੇਡਾ ਤੋਂ ਫੋਨ ਕਰ ਕੇ ਦੱਸਿਆ ਕਿ ਉਸ ਨੂੰ ਆਪਣੇ ਪਿਤਾ ਦੀ ਮੋਬਾਈਲ ’ਤੇ ਇਕ ਵੀਡੀਓ ਮਿਲੀ ਹੈ, ਜਿਸ ਵਿੱਚ ਇਕ ਪੁਲੀਸ ਅਫਸਰ ਤੇ ਦੋ ਸਿਵਲ ਬੰਦੇ ਉਨ੍ਹਾਂ ਨਾਲ ਬਹਿਸ ਕਰ ਰਹੇ ਸਨ।

ਰਣਜੀਤ ਕੌਰ ਨੇ ਦੱਸਿਆ ਕਿ ਉਸ ਨੇ ਆਪਣੇ ਪਤੀ ਨੂੰ ਫੋਨ ਕੀਤਾ ਤਾਂ ਉਨ੍ਹਾਂ ਫੋਨ ਨਹੀਂ ਚੁੱਕਿਆ। ਦੂਜੀ ਵਾਰ ਫੋਨ ਏਸੀਪੀ ਸੁਖਜਿੰਦਰ ਸਿੰਘ ਨੇ ਚੁੱਕਿਆ, ਜਿਸ ਨੇ ਕਿਹਾ ਕਿ ਸਵਰਨ ਸਿੰਘ ਨੇ ਆਪਣੇ ਸਿਰ ਵਿੱਚ ਗੋਲੀ ਮਾਰ ਲਈ ਹੈ। ਰਣਜੀਤ ਕੌਰ ਨੇ ਦੋਸ ਲਾਇਆ ਹੈ ਕਿ ਉਸ ਦੇ ਪਤੀ ਨੇ ਆਤਮ ਹੱਤਿਆ ਨਹੀਂ ਕੀਤੀ ਸਗੋਂ ਉਸ ਦਾ ਕਤਲ ਕੀਤਾ ਗਿਆ ਹੈ।

ਉਨ੍ਹਾਂ ਇਹ ਦੋਸ ਵੀ ਲਾਇਆ ਕਿ ਸਿਵਲ ਹਸਪਤਾਲ ਵਿੱਚ ਪਈ ਉਸ ਦੇ ਪਤੀ ਦੀ ਲਾਸ ਨਾ ਤਾਂ ਰਾਤ ਨੂੰ ਦਿਖਾਈ ਗਈ ਤੇ ਨਾ ਹੀ ਹੁਣ ਦਿਖਾਈ ਜਾ ਰਹੀ ਹੈ। ਰਣਜੀਤ ਕੌਰ ਨੇ ਇਹ ਦੋਸ ਵੀ ਲਾਇਆ ਹੈ ਕਿ ਉਸ ਦੇ ਪਤੀ ਨੂੰ ਇਹ ਪੁਲੀਸ ਵਾਲੇ ਪਹਿਲਾਂ ਵੀ ਤੰਗ ਕਰਦੇ ਸਨ।

## ਮਾਂ ਨੇ ਲਾੜਾ ਬਣਾ ਕੇ ਤੋਰਿਆ ਜਨਾਜ਼ਾ ਸਿੱਧੂ ਮੂਸੇਵਾਲ ਦਾ ਟਰੈਕਟਰ 5911’ਤੇ

**ਮਾਨਸਾ/ਲੋਕ ਬਾਣੀ**

ਮਾਨਸਾ ਪਿੰਡ ‘ਚ ਸਿੱਧੂ ਮੂਸੇਵਾਲ ਦੇ ਕਤਲ ਤੋਂ ਬਾਅਦ ਮਾਂ ਨੇ ਲਾਈਆਂ ਵਿਆਹ ਦੀਆਂ ਰੀਝਾਂ ਤੁਹਾਨੂੰ ਦੱਸ ਦਈਏ ਕਿ ਸਿੱਧੂ ਮੂਸੇਵਾਲ ਦਾ ਕੁਝ ਦਿਨਾਂ ਬਾਅਦ ਹੀ ਵਿਆਹ ਦਾ ਪ੍ਰੋਗਰਾਮ ਸੀ, ਪਰ ਰੱਬ ਨੂੰ ਕੁਝ ਹੋਰ ਹੀ ਮਨਜ਼ੂਰ ਸੀ। ਸਿੱਧੂ ਮੂਸੇਵਾਲ ਆਪਣੀ ਮਾਸੀ ਦਾ ਸਿਹਤ ਦਾ



ਪਤਾ ਲੈਣ ਜਾਂਦੇ ਹੋਏ ਰਸਤੇ ‘ਚ ਕਤਲ ਕਰ ਦਿੱਤਾ ਗਿਆ ਅੱਜ ਉਸ ਦੇ ਮਾਂ ਪਿਓ ਨੇ ਦਿਲ ਤੇ ਪੱਥਰ ਰੱਖਦੇ ਹੋਏ ਸਿੱਧੂ ਮੂਸੇਵਾਲ ਦੇ ਸਿਹਰਾ ਬੰਨ੍ਹ ਕੇ ਵਿਆਹ ਦੀਆਂ ਰੀਝਾਂ ਪੂਰੀਆਂ ਕਰਕੇ ਰੋਦੇ ਪਿੱਟਦੇ ਬਰਾਤ ਦੀ ਤਰ੍ਹਾਂ ਤੋਰਿਆ ਜਨਾਜ਼ਾ ਸਿੱਧੂ ਮੂਸੇਵਾਲ ਦਾ ਆਪਣੇ ਹੀ ਖੇਤਾਂ ਦੇ ‘ਚ ਕੀਤਾ ਗਿਆ ਸਸਕਾਰ।

## ਭਾਰਤ ’ਚ ਇਸ ਮਾਨਸੂਨ ਵਧੇਰੇ ਮੀਂਹ ਪੈਣ ਦੀ ਸੰਭਾਵਨਾ : IMD



**ਨਵੀਂ ਦਿੱਲੀ/ਲੋਕ ਬਾਣੀ**

ਭਾਰਤ ਵਿਚ ਇਸ ਮਾਨਸੂਨ ’ਚ ਪਹਿਲਾਂ ਕੀਤੀ ਗਈ ਭਵਿੱਖਬਾਣੀ ਨਾਲੋਂ ਵਧੇਰੇ ਮੀਂਹ ਪੈਣ ਦੀ ਸੰਭਾਵਨਾ ਹੈ। ਭਾਰਤੀ ਮੌਸਮ ਵਿਭਾਗ () ਨੇ ਇਹ ਜਾਣਕਾਰੀ ਦਿੱਤੀ। ਮੌਸਮ ਵਿਭਾਗ ਦੇ ਡਾਇਰੈਕਟਰ ਜਨਰਲ ਮ੍ਰਿਤੁਜਯ ਮਹਾਪਾਤਰਾ ਨੇ ਇੱਥੇ ਪੱਤਰਕਾਰਾਂ ਨੂੰ ਦੱਸਿਆ, “ਮਾਨਸੂਨ ਦੇ ਇਸ ਮੌਸਮ ਵਿਚ ਔਸਤ ਮੀਂਹ ਲੰਬੇ ਸਮੇਂ ਦੀ ਔਸਤ ਦਾ 103 ਫੀਸਦੀ ਰਹਿਣ ਦੀ ਸੰਭਾਵਨਾ ਹੈ।” ਨੇ ਅਪ੍ਰੈਲ ’ਚ ਕਿਹਾ ਸੀ ਕਿ ਦੇਸ਼ ’ਚ ਆਮ ਵਾਂਗ ਮੀਂਹ ਪਵੇਗਾ, ਜੋ ਲੰਬੇ ਸਮੇਂ ਦੇ ਔਸਤ ਦਾ 99 ਫੀਸਦੀ ਹੋਵੇਗਾ।

ਮੌਜੂਦਾ ਮਾਨਸੂਨ ਸੀਜਨ ਲਈ ਅਪਡੇਟ ਕੀਤੀ ਲੰਬੀ ਮਿਆਦ ਦੀ ਭਵਿੱਖਬਾਣੀ ਨੂੰ ਜਾਰੀ ਕਰਦੇ ਹੋਏ ਮਹਾਪਾਤਰਾ ਨੇ ਕਿਹਾ, “ਦੇਸ ਦੇ ਜ਼ਿਆਦਾਤਰ ਹਿੱਸਿਆਂ ’ਚ ਚੰਗਾ ਮੀਂਹ ਪਵੇਗਾ। ਉਨ੍ਹਾਂ ਕਿਹਾ ਕਿ ਮੱਧ ਅਤੇ ਪ੍ਰਾਇਦੀਪ ਭਾਰਤ ’ਚ ਮੀਂਹ ਦੇ ਲੰਬੇ ਸਮੇਂ ਦੇ ਔਸਤ ਦਾ 106 ਫੀਸਦੀ ਹੋਣ ਦੀ ਉਮੀਦ ਕੀਤੀ ਜਾ ਸਕਦੀ ਹੈ। ਜਦੋਂ ਕਿ ਉੱਤਰ-ਪੂਰਬੀ ਖੇਤਰ ਵਿਚ ਆਮ ਨਾਲੋਂ ਘੱਟ ਮੀਂਹ ਪੈ ਸਕਦਾ ਹੈ। ਨੇ 29 ਮਈ ਨੂੰ ਐਲਾਨ ਕੀਤਾ ਸੀ ਕਿ ਦੱਖਣ-ਪੱਛਮੀ ਮਾਨਸੂਨ ਆਪਣੇ ਆਮ ਨਿਰਧਾਰਤ ਸਮੇਂ ਤੋਂ ਤਿੰਨ ਦਿਨ ਪਹਿਲਾਂ ਨੂੰ ਐਤਵਾਰ ਨੂੰ ਕੇਰਲ ਪਹੁੰਚ ਗਿਆ ਸੀ।

## ਵਰਿੰਦਰ ਕੁਮਾਰ ਨੂੰ ਵਿਜੀਲੈਂਸ ਬਿਊਰੋ, ਪੰਜਾਬ ਦੇ ਚੀਫ਼ ਡਾਇਰੈਕਟਰ ਲਗਾਇਆ

**ਬੁਢਲਾਡਾ/ਲੋਕ ਬਾਣੀ**

ਮੁੱਖ ਸਕੱਤਰ ਪੰਜਾਬ ਸਰਕਾਰ ਵਲੋਂ ਜਾਰੀ ਤਾਜ਼ਾ ਨਿਰਦੇਸ਼ ਤਹਿਤ ਸੀਨੀਅਰ ਆਈ.ਪੀ.ਐੱਸ. ਅਧਿਕਾਰੀ ਵਰਿੰਦਰ ਕੁਮਾਰ ਨੂੰ ਵਿਜੀਲੈਂਸ ਬਿਊਰੋ, ਪੰਜਾਬ ਦੇ ਚੀਫ਼ ਡਾਇਰੈਕਟਰ ਲਗਾਇਆ ਗਿਆ ਹੈ। ਉਹ ਆਈ.ਪੀ.ਐੱਸ. ਅਧਿਕਾਰੀ ਈਸ਼ਵਰ ਸਿੰਘ ਦੀ ਥਾਂ ਲੈਣਗੇ।

## ਸਿੱਖ ਜਥੇਬੰਦੀ ਦਲ ਖ਼ਾਲਸਾ ਵਲੋਂ ਘੱਲੂਘਾਰਾ ਦਿਵਸ ਨੂੰ ਸਮਰਪਿਤ 5 ਜੂਨ ਨੂੰ ਕੱਢਿਆ ਜਾਵੇਗਾ ਆਜ਼ਾਦੀ ਮਾਰਚ

**ਅੰਮ੍ਰਿਤਸਰ/ਲੋਕ ਬਾਣੀ**

ਸਿੱਖ ਜਥੇਬੰਦੀ ਦਲ ਖ਼ਾਲਸਾ ਵਲੋਂ ਜੂਨ 1984 ‘ਚ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਖੇ ਵਾਪਰੇ ਸਾਕਾ ਨੀਲਾ ਤਾਰਾ ਦੀ ਯਾਦ ਨੂੰ ਸਮਰਪਿਤ ਪੰਜ ਜੂਨ ਅੰਮ੍ਰਿਤਸਰ ਸ਼ਹਿਰ ‘ਚ ਆਜ਼ਾਦੀ ਮਾਰਚ ਕੱਢਣ ਦਾ ਐਲਾਨ ਕੀਤਾ ਹੈ। ਅੱਜ ਇੱਥੇ ਪ੍ਰੈੱਸ ਕਾਨਫ਼ਰੰਸ ਦੌਰਾਨ ਉਕਤ ਜਾਣਕਾਰੀ ਦਿੰਦਿਆਂ ਦਲ ਖ਼ਾਲਸਾ ਦੇ ਸੀਨੀਅਰ ਆਗੂ ਕੰਵਰਪਾਲ ਸਿੰਘ ਅਤੇ ਹੋਰਨਾਂ ਆਗੂਆਂ ਨੇ ਦੱਸਿਆ ਇਹ ਮਾਰਚ ਸ਼ਾਮ ਪੰਜ ਵਜੇ ਭਾਈ ਵੀਰ ਸਿੰਘ ਹਾਲ ਲਾਰੈਂਸ ਰੋਡ ਤੋਂ ਸ੍ਰੀ ਅਕਾਲ ਤਖ਼ਤ ਸਾਹਿਬ ਤੱਕ ਕੱਢਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਛੇ ਜੂਨ ਨੂੰ ਘੱਲੂਘਾਰਾ ਦਿਵਸ ਮੌਕੇ ਦਲ ਖ਼ਾਲਸਾ ਵਲੋਂ ਪਿਛਲੇ ਸਾਲਾਂ ਦੀ ਤਰ੍ਹਾਂ ਇਸ ਵਾਰ ਵੀ ਅੰਮ੍ਰਿਤਸਰ ਬੰਦ ਦਾ ਸੱਦਾ ਦਿੱਤਾ ਗਿਆ ਹੈ।

## ਆਮ ਆਦਮੀ ਪਾਰਟੀ ਦਾ ਮੰਤਰੀ 9 ਜੂਨ ਤੱਕ ਈਡੀ ਦੀ ਹਿਰਾਸਤ ‘ਚ

**ਨਵੀਂ ਦਿੱਲੀ/ਲੋਕ ਬਾਣੀ:-** ਰੌਜ ਐਵੇਨਿਊ ਅਦਾਲਤ ਨੇ ਦਿੱਲੀ ਸਰਕਾਰ ਦੇ ਮੰਤਰੀ ਸਤੇਂਦਰ ਜੈਨ ਨੂੰ 9 ਜੂਨ ਤੱਕ ਈਡੀ ਦੀ ਹਿਰਾਸਤ ਵਿੱਚ ਭੇਜ ਦਿੱਤਾ ਹੈ।

ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਨੇ ਸੋਮਵਾਰ ਨੂੰ ਜੈਨ ਨੂੰ ਮਨੀ ਲਾਂਡਰਿੰਗ ਮਾਮਲੇ ਵਿੱਚ ਗ੍ਰਿਫਤਾਰ ਕੀਤਾ। ਇਸ ਤੋਂ ਬਾਅਦ ਅੱਜ ਉਸਨੂੰ ਰੌਜ ਐਵੇਨਿਊ ਅਦਾਲਤ ਵਿੱਚ ਪੇਸ ਕੀਤਾ ਗਿਆ।

## 1500 ਰੁਪਏ ਰਿਸ਼ਵਤ ਲੈਂਦਾ ਪਟਵਾਰੀ ਵਿਜੀਲੈਂਸ ਵਲੋਂ ਗ੍ਰਿਫਤਾਰ

**ਹਰਿਆਣਾ/ਲੋਕ ਬਾਣੀ:-** ਵਿਜੀਲੈਂਸ ਟੀਮ ਨੇ ਇੱਕ ਪਟਵਾਰੀ ਨੂੰ 1500 ਰੁਪਏ ਦੀ ਰਿਸਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ। ਪਟਵਾਰੀ ਦੀ ਪਛਾਣ ਰਾਮਦੇਵ ਪੁੱਤਰ ਪ੍ਰਭਾਤੀ ਲਾਲ ਵਾਸੀ ਪਿੰਡ ਬਿਛੌਰ ਵਜੋਂ ਹੋਈ ਹੈ। ਵਿਜੀਲੈਂਸ ਟੀਮ ਨੇ ਮਾਮਲਾ ਦਰਜ ਕਰ ਲਿਆ ਹੈ। ਦਰਅਸਲ, ਪੁਨਹਾਣਾ ਬਲਾਕ (ਹਰਿਆਣਾ) ਦੇ ਪਿੰਡ ਡਡੌਲੀ ਦਾ ਰਹਿਣ ਵਾਲਾ ਇਸਲਾਮ ਪੁੱਤਰ ਭੂਰੇ ਖਾਨ ਪਿਛਲੇ ਕਈ ਦਿਨਾਂ ਤੋਂ ਪਿੰਡ ਡਡੌਲੀ ਦੇ ਪਟਵਾਰੀ ਵਿਨੋਦ ਕੋਲ ਆਪਣੇ ਪਿਤਾ ਦੀ ਵਿਰਾਸਤ ਰਿਕਾਰਡ ਵਿੱਚ ਦਰਜ ਕਰਵਾਉਣ ਲਈ ਚੱਕਰ ਲਗਾ ਰਿਹਾ ਸੀ।

24 ਮਈ ਨੂੰ ਇਸਲਾਮ ਦੇ ਪਿਤਾ ਭੂਰੇ ਖਾਂ ਦੀ ਮੌਤ ਤੋਂ ਬਾਅਦ ਵਿਨੋਦ ਪਟਵਾਰੀ ਪੀੜਤ ਤੋਂ 1500 ਰੁਪਏ ਦੀ ਮੰਗ ਕਰ ਰਿਹਾ ਸੀ। ਜਿਸ ਦੀ ਸ਼ਿਕਾਇਤ ਇਸਲਾਮ ਨੇ ਵਿਜੀਲੈਂਸ ਵਿਭਾਗ ਦੇ ਅਧਿਕਾਰੀਆਂ ਨੂੰ ਕੀਤੀ। ਜਿਸ ਤੋਂ ਬਾਅਦ ਇਸਲਾਮ ਨੇ ਪਟਵਾਰੀ ਵਿਨੋਦ ਨੂੰ 1500 ਰੁਪਏ ਦੇਣ ਲਈ ਹਾਮੀ ਭਰ ਦਿੱਤੀ। ਜਦੋਂ ਪਟਵਾਰੀ ਰਿਸਵਤ ਦੀ ਰਕਮ ਲੈਣ ਲਈ ਰਾਜੀ ਹੋ ਗਿਆ ਤਾਂ ਸ਼ਿਕਾਇਤਕਰਤਾ ਇਸਲਾਮ ਨੇ ਇਸ ਸਬੰਧੀ ਸਟੇਟ ਵਿਜੀਲੈਂਸ ਟੀਮ ਨੂੰ ਸੂਚਿਤ ਕੀਤਾ। ਇਸ ਤੋਂ ਬਾਅਦ ਇਕ ਟੀਮ ਦਾ ਗਠਨ ਕੀਤਾ ਗਿਆ, ਜਿਸ ਵਿਚ ਡਿਊਟੀ ਮੈਜਿਸਟ੍ਰੇਟ ਵਿਭਾਗ ਦੇ ਕਾਰਜਕਾਰੀ ਇੰਜੀਨੀਅਰ ਸਮਸੇਰ ਸਿੰਘ ਅਤੇ ਗਵਾਹ ਜੂਨੀਅਰ ਇੰਜੀਨੀਅਰ ਅਰਸਦ ਨੂੰ ਬਣਾਇਆ ਗਿਆ।

ਸ਼ਿਕਾਇਤਕਰਤਾ ਇਸਲਾਮ ਨੇ ਪਟਵਾਰੀ ਵਿਨੋਦ ਨੂੰ ਕਿਹਾ ਕਿ ਉਹ ਤੁਹਾਡੇ ਦਫਤਰ ਵਿੱਚ 1500 ਰੁਪਏ ਲੈ ਕੇ ਆ ਰਿਹਾ ਹੈ। ਵਿਨੋਦ ਪਟਵਾਰੀ ਨੇ ਇਸਲਾਮ ਨੂੰ ਦੱਸਿਆ ਕਿ ਉਹ ਅੱਜ ਕੰਮ ਤੋਂ ਬਾਹਰ ਗਿਆ ਹੋਇਆ ਹੈ ਅਤੇ ਉਸ ਦੇ ਸਾਥੀ ਪਟਵਾਰੀ ਰਾਮਦੇਵ ਨੂੰ 1500 ਰੁਪਏ ਦੇ ਦਿਓ। ਇਸ ਤੋਂ ਬਾਅਦ ਇਸਲਾਮ ਨੇ ਵਿਨੋਦ ਪਟਵਾਰੀ ਦੀ ਰਿਸਵਤ ਦੇ 1500 ਰੁਪਏ ਰਾਮਦੇਵ ਨੂੰ ਦਿੱਤੇ, ਜਿਸ ਤੋਂ ਤੁਰੰਤ ਬਾਅਦ ਸਟੇਟ ਵਿਜੀਲੈਂਸ ਦੀ ਟੀਮ ਨੇ ਪਟਵਾਰੀ ਨੂੰ ਰੰਗੇ ਹੱਥੀਂ ਕਾਬੂ ਕਰ ਲਿਆ। ਸਟੇਟ ਵਿਜੀਲੈਂਸ ਨੂਹ ਸਬ-ਸੈਂਟਰ ਦੇ ਇੰਚਾਰਜ ਇੰਸਪੈਕਟਰ ਜੈਪਾਲ ਨੇ ਦੱਸਿਆ ਕਿ ਉਕਤ ਪਟਵਾਰੀ ਨੂੰ ਉਨ੍ਹਾਂ ਦੀ ਟੀਮ ਨੇ ਪੁਨਹਾਣਾ ਤੋਂ ਰੰਗੇ ਹੱਥੀਂ ਕਾਬੂ ਕੀਤਾ ਹੈ। ਜਦਕਿ ਮੁੱਖ ਮੁਲਜਮ ਵਿਨੋਦ ਪਟਵਾਰੀ ਫਰਾਰ ਹੈ। ਮੁਲਜਮਾਂ ਖ਼ਿਲਾਫ ਕੇਸ ਦਰਜ ਕਰਕੇ ਕਾਰਵਾਈ ਕੀਤੀ ਜਾ ਰਹੀ ਹੈ।

## ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਮਿਲਿਆ ਨਵਾਂ ਚੇਅਰਮੈਨ

**ਚੰਡੀਗੜ੍ਹ/ਲੋਕ ਬਾਣੀ**

ਪੰਜਾਬ ਸਰਕਾਰ ਦੇ ਵਲੋਂ ਪੰਜਾਬ ਸਕੂਲ ਸਿੱਖਿਆ ਬੋਰਡ ਦਾ ਨਵਾਂ ਚੇਅਰਮੈਨ ਪ੍ਰਭਜੀਤ ਸਿੰਘ ਧਨੋਆ ਸਹਾਇਕ ਕੰਟਰੋਲਰ (ਵਿੱਤ ਤੇ ਲੇਖਾ) ਨੂੰ ਨਿਯੁਕਤ ਕੀਤਾ ਗਿਆ ਹੈ।

## -----ਅਦਾਲਤੀ ਹੁਕਮਾਂ ਦੀ ਸ਼ਰ੍ਹੇਆਮ ਉਲੰਘਣਾ-----

# ਬੱਸਾਂ,ਟਰੈਕਟਰਾਂ ਅਤੇ ਹੋਰ ਵਾਹਨਾਂ ਤੇ ਉੱਚੀ ਆਵਾਜ਼ ’ਚ ਚਲਾਏ ਜਾਂਦੇ ਨੇ ਗੀਤ



**ਸ਼ੇਰਪੁਰ/ਯਾਦਵਿੰਦਰ ਸਿੰਘ ਮਾਹੀ**

ਭਾਵੇਂ ਕੇਂਦਰ ਅਤੇ ਵੱਖ ਵੱਖ ਰਾਜਾਂ ਦੀਆਂ ਸਰਕਾਰਾਂ ਕਾਨੂੰਨ ਤੇ ਵਿਵਸਥਾ ਨੂੰ ਬਣਾਏ ਰੱਖਣ ਸਮੇਤ ਜਨਹਿੱਤ ਵਿਚ ਸਮੇਂ ਸਮੇਂ ਤੇ ਹੁਕਮ ਜਾਰੀ ਕਰਦੀਆਂ ਰਹਿੰਦੀਆਂ ਹਨ ਪਰ ਸਰਕਾਰਾਂ ਦੇ ਇਹ ਹੁਕਮ ਕੇਵਲ ਆਮ ਲੋਕਾਂ ਤੱਕ ਹੀ ਸੀਮਤ ਹੋ ਕੇ ਰਹਿ ਜਾਂਦੇ ਹਨ ਜਦਕਿ ਅਸਲ ਸਰੂਖ ਅਤੇ ਸਿਆਸੀ ਪਹੁੰਚ ਰੱਖਣ ਵਾਲੇ ਲੋਕ ਸਰਕਾਰ ਦੇ ਅਜਿਹੇ ਹੁਕਮਾਂ ਦੀ ਭੋਰਾ ਪ੍ਰਵਾਹ ਨਹੀਂ ਕਰਦੇ। ਸੁਪਰੀਮ ਕੋਰਟ ਨੇ ਉੱਚੀਆਂ ਅਤੇ ਕੰਨ ਪਾੜਵੀਆਂ ਆਵਾਜ਼ਾਂ ਤੇ ਪਾਬੰਦੀ ਲਾਈ ਵੀ ਹੈ ਪਰ ਸਾਰੇ ਧਾਰਮਿਕ ਸਥਾਨਾਂ ਤੇ ਉੱਚੀ ਆਵਾਜ਼ ਚ ਲਾਊਡ ਸਪੀਕਰ ਵੱਜਦੇ ਰਹਿੰਦੇ ਹਨ ਨਾ ਕਿਸੇ ਨੂੰ ਬੱਚਿਆਂ ਦੀ ਪੜ੍ਹਾਈ ਦਾ ਫਿਕਰ ਹੈ ਨਾ ਕਿਸੇ ਦੀ ਬਿਮਾਰੀ ਦਾ ਅਜਿਹਾ ਕਿਉਂ.? ਦਿਨ ਚੜ੍ਹਨ ਤੋਂ ਪਹਿਲਾਂ ਹੀ ਸੜਕਾਂ ਤੇ ਵਾਹਨਾਂ ਦਾ ਆਵਾਜ਼ ਪ੍ਰਦੂਸ਼ਣ ਸੁਰੂ ਹੋ ਜਾਂਦਾ ਹੈ ਇਹ ਵਰਤਾਰਾ ਕਿਸੇ ਇਕ ਇਲਾਕੇ ਦਾ ਨਹੀਂ ਬਲਕਿ ਪੰਜਾਬ ਭਰ ਦੇ ਪਿੰਡਾਂ ਸ਼ਹਿਰਾਂ ਅਤੇ ਕਸਬਿਆਂ ਵਿੱਚੋਂ ਲੰਘਦੀਆਂ ਸੰਪਰਕ ਜਾਂ ਮੁੱਖ ਸੜਕਾਂ ਦਾ ਹੈ, ਜਿੱਥੇ ਗੱਡੀਆਂ ਦੇ ਉੱਚ ਆਵਾਜ਼ ਵਾਲੇ ਹਾਰਨ ਵੱਜਦੇ ਰਹਿੰਦੇ ਹਨ।ਇਸ ਤੋਂ ਇਲਾਵਾ ਬੱਸਾਂ ਅਤੇ ਹੋਰ ਵਾਹਨਾਂ ਚ ਉੱਚੀ ਆਵਾਜ਼ ਚ ਗੀਤ ਚਲਾਏ ਜਾਂਦੇ ਹਨ ਟਰੈਕਟਰਾਂ ਵਾਲੇ ਵੱਡੇ ਵੱਡੇ ਸਪੀਕਰ ਵਾਲੇ ਬਕਸੇ ਲਾਉਂਦੇ ਹਨ ਤੇ ਉੱਚੀਆਂ ਆਵਾਜ਼ ਕਰਦੇ ਹਨ ਜੋ ਅਦਾਲਤੀ ਹੁਕਮਾਂ ਦੀ ਸ਼ਰ੍ਹੇਆਮ ਉਲੰਘਣਾ ਹੈ ਅਤੇ ਇਹ ਉਲੰਘਣਾ ਪ੍ਰਸ਼ਾਸਨਿਕ ਅਧਿਕਾਰੀਆਂ ਅਤੇ ਟਰੈਫਿਕ ਮੁਲਾਜ਼ਮਾਂ ਦੀ ਹਾਜ਼ਰੀ ਵਿੱਚ ਵੀ ਕਈ ਵਾਰ ਦੇਖਣ ਨੂੰ ਮਿਲੀ ਹੈ।ਅੱਜ ਕੱਲ੍ਹ ਇਹ ਰਿਵਾਜ ਹੀ ਬਣ ਗਿਆ ਹੈ ਕਿ ਗਲੀ ਮੁਹੱਲਿਆਂ ਚ ਸਾਮਾਨ ਵੇਚਣ ਵਾਲੇ ਲੋਕ ਆਪਣਾ ਸਾਮਾਨ ਵੇਚਣ ਲਈ ਰੇਹੜੀਆਂ ਟੈਂਪੂਆਂ ਕਾਰਾਂ ਅਤੇ ਹੋਰ ਵਾਹਨਾਂ ਤੇ ਸਪੀਕਰ ਲਾਈ ਫਿਰਦੇ ਹਨ ਤੇ ਉੱਚੀ ਆਵਾਜ਼ ਚ ਸਵੇਰੇ ਦਿਨ ਚੜ੍ਹਨ ਤੋਂ ਲੈ ਕੇ ਦੇਰ ਰਾਤ ਤੱਕ ਇਹ ਸਿਲਸਿਲਾ ਚਲਦਾ ਰਹਿੰਦਾ ਹੈ। ਕਈ ਥਾਂ ਅਜਿਹੇ ਸਪੀਕਰਾਂ ਕਾਰਨ ਹੀ ਲੜਾਈ ਝਗੜੇ ਹੋਣ ਦੀ ਨੌਬਤ ਆ ਚੁੱਕੀ ਹੈ।

**ਜੇਕਰ ਪ੍ਰਸ਼ਾਸਨਿਕ ਅਧਿਕਾਰੀ ਆਪਣੇ ਵੱਲੋਂ ਹੀ ਲਾਈਆਂ ਪਾਬੰਦੀਆਂ ਨੂੰ ਸਖਤੀ ਨਾਲ ਲਾਗੂ ਕਰਾਉਣ ਤਾਂ ਬਹੁਤ ਸਾਰੀਆਂ ਸਮੱਸਿਆਵਾਂ ਹੱਲ ਹੋ ਜਾਣ-ਸਮਾਜ ਸੇਵੀ ਤੇ ਚਿੰਤਕ**

### ਕੀ ਕਹਿੰਦੇ ਹਨ ਸਮਾਜ ਸੇਵੀ ਤੇ ਚਿੰਤਕ

ਇਲਾਕੇ ਦੇ ਸਮਾਜ ਸੇਵਿਕਾ ਚਿੰਤਕਾਂ ਅਤੇ ਸਮਾਜ ਸੁਧਾਰਕਾ ਦਰਸ਼ਨ ਸਿੰਘ ਬਾਜਵਾ,ਮਾਸਟਰ ਹਰਬੰਸ ਸਿੰਘ ਸ਼ੇਰਪੁਰ, ਸਰਪੰਚ ਰਣਜੀਤ ਸਿੰਘ ਧਾਲੀਵਾਲ, ਚੇਤਨ ਗੋਇਲ ਸੋਨੀ ਪੰਚਾਇਤ ਮੈਂਬਰ ਪ੍ਰਧਾਨ ਸ਼ੈਲਰ ਐਸੋਸੀਏਸ਼ਨ ਸ਼ੇਰਪੁਰ, ਦਰਸ਼ਨ ਸਿੰਘ ਸ਼ੇਰਪੁਰੀ ਸਾਬਕਾ ਪ੍ਰਧਾਨ ਅਕਾਲ ਪ੍ਰਕਾਸ਼ ਗੁਰਦੁਆਰਾ ਸਾਹਿਬ ਸ਼ੇਰਪੁਰ, ਸਤਵਿੰਦਰਪਾਲ ਸਿੰਘ ਰਾਜੂ ਮੈਂਬਰ, ਹਰਵਿੰਦਰ ਸਿੰਘ ਸਰਾਂ, ਪਰਮਤ੍ਰਿਪਤ ਸਿੰਘ ਕਾਲਾਬੂਲਾ,ਅਮਨਦੀਪ ਸਿੰਘ ਨੋਨੂੰ ਅੱਤਰੀ, ਪ੍ਰਦੀਪ ਕੁਮਾਰ ਬਰਫ਼ੀ ਸਿੰਗਲਾ , ਚਮਕੌਰ ਸਿੰਘ ਦੀਦਾਰਗੜ੍ਹ, ਅਵਤਾਰ ਸਿੰਘ ਖੀਪਲ, ਵਿੱਕੀ ਨੰਗਲ ਪ੍ਰਧਾਨ ਖ਼ੂਨਦਾਨ ਕਲੱਬ ਸ਼ੇਰਪੁਰ, ਕੇਵਲ ਪੱਕੇ ਰੰਗਾਂ ਵਾਲੇ, ਹਰਜਿੰਦਰ ਸਿੰਘ ਖੇੜੀ, ਦਰਸ਼ੀ ਗੰਡੇਵਾਲ, ਗੋਲਡੀ ਭੱਠਲ, ਵਿਵੇਕ ਤੀਤੀ ਗੋਇਲ ਵੱਲੋਂ ਗਹਿਰੀ ਚਿੰਤਾ ਚ ਕਿਹਾ ਕਿ ਦਾ ਦਾਅਵਾ ਹੈ ਕਿ ਜੇਕਰ ਪ੍ਰਸ਼ਾਸਨਿਕ ਅਧਿਕਾਰੀ ਆਪਣੇ ਵੱਲੋਂ ਹੀ ਲਾਈਆਂ ਪਾਬੰਦੀਆਂ ਨੂੰ ਸਖਤੀ ਨਾਲ ਲਾਗੂ ਕਰਾਉਣ ਤਾਂ ਬਹੁਤ ਸਾਰੀਆਂ ਸਮੱਸਿਆਵਾਂ ਹੱਲ ਹੋ ਸਕਦੇ ਹਨ।ਸੀਮਤ ਆਵਾਜ਼ ਤੋਂ ਜ?ਿਆਦਾ ਉੱਚੀ ਵੱਜਣ ਵਾਲੇ ਸਪੀਕਰ ਹਾਰਨ ਜਾਂ ਹੂਟਰ ਇਸ ਵੇਲੇ ਆਮ ਲੋਕਾਂ ਦੇ ਨਾਲ ਨਾਲ ਪਸ਼ੂਆਂ ਲਈ ਵੀ ਖਤਰਾ ਪੈਦਾ ਕਰ ਰਹੇ ਹਨ।ਇਲਾਕੇ ਦੇ ਲੋਕਾਂ ਵੱਲੋਂ ਕਿਹਾ ਗਿਆ ਕਿ ਜੇਕਰ ਸ਼ੋਰ ਪ੍ਰਦੂਸ਼ਣ ਦੇ ਖਾਤਮੇ ਲਈ ਕਿਸੇ ਐਨਜੀਓ ਦੀ ਡਿਊਟੀ ਲਾਈ ਜਾਵੇ ਤਾਂ ਉਹ ਘਰ ਘਰ ਜਾ ਕੇ ਲੋਕਾਂ ਨੂੰ ਜਾਗਰੂਕ ਕਰਨ ਦੀਆਂ ਸੇਵਾਵਾਂ ਨਿਭਾ ਸਕਦੀ ਹੈ।

# ਮਾਮੂਲੀ ਤਕਰਾਰ ਕਾਰਨ ਘਰ ’ਚ ਦਾਖਲ ਹੋ ਕੀਤੀ ਕੁੱਟ-ਮਾਰ ਤੇ ਜਾਨੋਂ ਮਾਰਨ ਦੀਆਂ ਦਿੱਤੀਆਂ ਧਮਕੀਆਂ



**ਤਰਨਤਾਰਨ/ਲੋਕ ਬਾਣੀ**

ਤਰਨਤਾਰਨ ਜ਼ਿਲ੍ਹੇ ਦੇ ਪਿੰਡ ਕੱਲ੍ਹਾ ਵਿਖੇ ਮਾਮੂਲੀ ਤਕਰਾਰ ਕਾਰਨ ਘਰ ਵਿਚ ਦਾਖਲ ਹੋ ਕੇ ਕੁੱਟ-ਮਾਰ ਕਰਨ, ਜਾਨੋਂ ਮਾਰਨ ਦੀਆਂ ਧਮਕੀਆਂ ਦੇਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਸਬੰਧੀ ਥਾਣਾ ਗੋਇੰਦਵਾਲ ਸਾਹਿਬ ਦੀ ਪੁਲਸ ਨੇ 52 ਲੋਕਾਂ ਖ਼?ਲਾਫ ਕੇਸ ਦਰਜ ਕਰ ਕੇ ਜਾਂਚ ਕਰਨੀ ਸ਼ੁਰੂ ਕਰ ਦਿੱਤੀ ਹੈ। ਪੁਲਸ ਨੂੰ ਦਰਜ ਕਰਵਾਏ ਬਿਆਨ ’ਚ ਅਵਤਾਰ ਸਿੰਘ ਪੁੱਤਰ ਕਰਮ ਸਿੰਘ ਵਾਸੀ ਪਿੰਡ ਕੱਲ੍ਹਾ ਨੇ ਦੱਸਿਆ ਕਿ ਬੀਤੇ ਦਿਨ ਉਸ ਦਾ ਮੁੰਡਾ ਮੇਲਾ ਵੇਖਣ ਲਈ ਗਿਆ ਸੀ। ਉਸ ਦੇ ਮੁੰਡੇ ਦੀ ਸ਼ੇਰਾ ਪੁੱਤਰ ਦਵਿੰਦਰ ਕੁਮਾਰ ਨਾਲ ਮਾਮੂਲੀ ਤਕਰਾਰ ਹੋ ਗਈ, ਜਿਸ ਤੋਂ ਬਾਅਦ ਉਸ ਦਾ ਮੁੰਡਾ ਘਰ ਵਾਪਸ ਆ ਗਿਆ। ਦੂਜੇ ਵਿਅਕਤੀ ਆਪਣੇ 40-50 ਸਾਥੀਆਂ ਸਮੇਤ ਸਾਡੇ ਘਰ ਵਿਚ ਦਾਖਲ ਹੋਏ ਅਤੇ ਗਾਲੀ-ਗਲੋਚ ਕਰਨਾ ਸ਼ੁਰੂ ਕਰ ਦਿੱਤਾ। ਮੁੰਡੇ ਨੇ ਲੁੱਕ ਕੇ ਆਪਣੀ ਜਾਨ ਬਚਾਈ। ਉਕਤ ਵਿਅਕਤੀਆਂ ਨੇ ਘਰ ਦੇ ਸਾਮਾਨ ਦੀ ਭੰਨਤੋੜ ਕਰਨੀ ਸ਼ੁਰੂ ਕਰ ਦਿੱਤੀ। ਇਸ ਤੋਂ ਬਾਅਦ ਉਕਤ ਵਿਅਕਤੀ ਉਨ੍ਹਾਂ ਦੇ ਗੁਆਂਢੀਆਂ ਦੀ ਛੱਤ ਉਪਰ ਚੜ੍ਹ ਗਏ ਅਤੇ ਇੱਟਾਂ-ਰੋੜੇ ਮਾਰੇ ਅਤੇ ਧਮਕੀਆਂ ਦਿੰਦੇ ਹੋਏ ਭੱਜ ਗਏ। ਇਸ ਸਬੰਧੀ ਏ. ਐੱਸ. ਆਈ. ਬਲਜਿੰਦਰ ਸਿੰਘ ਨੇ ਦੱਸਿਆ ਕਿ ਮੁੱਦਈ ਦੇ ਬਿਆਨ ’ਤੇ ਸ਼ੇਰਾ ਪੁੱਤਰ ਦਵਿੰਦਰ ਕੁਮਾਰ, ਅਸ਼ਵਨੀ ਕੁਮਾਰ ਪੁੱਤਰ ਦਵਿੰਦਰ ਕੁਮਾਰ, ਰਵਿੰਦਰ ਸਿੰਘ ਉਰਫ ਜੋਤੀ ਪੁੱਤਰ ਕਾਬਲ ਸਿੰਘ, ਤੋਤੀ ਪੁੱਤਰ ਬਲਵੰਤ ਸਿੰਘ, ਗੋਲਾ ਪੁੱਤਰ ਬਲਵੰਤ ਸਿੰਘ, ਰਾਜੂ ਪੁੱਤਰ ਜਸਵਿੰਦਰ ਸਿੰਘ, ਜੋਬਨ ਸਿੰਘ ਪੁੱਤਰ ਬਿੰਦਰ ਸਿੰਘ ਵਾਸੀਆਨ ਕੱਲ੍ਹਾ ਅਤੇ 40-45 ਅਣਪਛਾਤੇ ਵਿਅਕਤੀਆਂ ਖ਼?ਲਾਫ ਕੇਸ ਦਰਜ ਕਰ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਸੀ ਆਈ ਏ ਸਟਾਫ ਵੱਲੋ 15 ਗ੍ਰਾਮ ਹੈਰੋਇਨ ਤੇ ਰਿਵਾਲਰ ਬਰਾਮਦ





**ਗੁਰਦਾਸਪੁਰ-ਨਵਨੀਤ ਕੁਮਾਰ**

ਐਸ ਐਸ ਪੀ ਗੁਰਦਾਸਪੁਰ ਹਰਜੀਤ ਸਿੰਘ ਨੇ ਪ੍ਰੈਸ ਕਾਨਫਰੰਸ ਦੌਰਾਨ ਦੱਸਿਆ ਕਿ ਬੀਤੀ ਰਾਤ 28 ਮਈ 2022 ਨੂੰ ਮੁਖਬਰ ਨੇ ਇਤਲਾਹ ਦਿੱਤੀ ਕਿ ਹਰੀ ਓਮ ਪੁੱਤਰ ਸੁਨੀਲ ਕੁਮਾਰ ਵਾਸੀ ਜੋਸੀਆਂ ਵਾਲੀ ਗਲੀ ਗੁਰਦਾਸਪੁਰ ਜਾਨਵੀ ਪਤਨੀ ਅਰੁਣ ਕੁਮਾਰ ਅਤੇ ਲਲਿਤਾ ਪਤਨੀ ਪੱਪੂ ਸ਼ਰਮਾ ਵਾਸੀਅਨ ਇਸਲਾਮਾਬਾਦ ਮੁਹੱਲਾ ਗੁਰਦਾਸਪੁਰ ਜੋ ਇੱਕ ਮੋਪੜ ਮੈਸਟਰੋ ਬਿਨ੍ਹਾ ਨੰਬਰੀ ਪਰ ਸਵਾਰ ਹਨ , ਜਿਹਨਾਂ ਪਾਸ ਨਜਾਇਜ ਅਸਲਾ ਅਤੇ ਨਸੀਲਾ ਪਦਾਰਥ ਹੈ । ਜਿਸ ਤੇ ਇੰਚਾਰਜ ਸੀ ਆਈ ਏ ਸਟਾਫ ਸਮੇਤ ਸਾਥੀ ਕਰਮਚਾਰੀਆਂ ਨੇ ਉਕਤ ਦੋਸ਼ੀਆ ਨੂੰ ਕਾਬੂ ਕੀਤਾ ਅਤੇ ਤਲਾਸੀ ਦੌਰਾਨ ਇਹਨਾ ਦੇ ਕਬਜੇ ਵਿੱਚ 15 ਗ੍ਰਾਮ ਹੈਰੋਇਨ , 17000 ਰੁਪਏ ਡਰੱਗ ਮਨੀ , 01 ਦੇਸੀ ਕੱਟਾ 315 ਬੋਰ ਸਮੇਤ 04 ਰੌਦ , 01 ਰਿਵਾਲਰ 38 ਬੋਰ ਸਮੇਤ 02 ਰੌਦ ਬ੍ਰਾਮਦ ਕੀਤੇ । ਉਕਤ ਦੋਸੀਆਂ ਦੇ ਖਿਲਾਫ ਮੁਕਦਮਾਂ ਨੰ: 117 ਮਿਤੀ 28-05-2022 ਜੁਰਮ 21 ( ਬੀ) / 29 -61-85 ਐਨ ਡੀ ਪੀ ਐਸ ਐਕਟ 25-54-59 ਆਰਮਜ ਐਕਟ ਥਾਣਾ ਸਿੱਟੀ ਗੁਰਦਾਸਪੁਰ ਵਿਖੇ ਦਰਜ ਰਜਿਸਟਰ ਕੀਤਾ ਗਿਆ । ਜੋ ਬਾਅਦ ਵਿੱਚ ਇਹਨਾਂ ਦੀ ਪੁੱਛ-ਗਿੱਛ ਤੋ ਪੰਕਜ ਦੱਤਾ ਉਰਫ ਸੀਲੂ ਪੁੱਤਰ ਅਸ਼ਵਨੀ ਕੁਮਾਰ ਵਾਸੀ ਨਜਦੀਕ ਗੀਤਾ ਭਵਨ ਮੰਦਰ , ਗੁਰਦਾਸਪੁਰ ਨੂੰ ਕਾਬੂ ਕੀਤਾ ਗਿਆ ਅਤੇ ਉਸ ਦੇ ਪਾਸੋ 02 ਪਿਸਟਲ 32 ਬੋਰ । 04 ਮੈਗਜੀਨ 32 ਬੋਰ , 02 ਰੌਦ ਜਿੰਦਾ 32 ਅਤੇ 4 ਖੋਲ 32 ਬੋਰ ਦੇ ਬ੍ਰਾਮਦ ਕੀਤੇ । ਦੋਸ਼ੀਆਂ ਨੇ ਦੱਸਿਆ ਓਹਨਾਂ ਦੇ ਸਬੰਧ ਸੋਨੂੰ ਪੁੱਤਰ ਰਾਜ ਕੁਮਾਰ ਚੋਧਰੀ ਵਾਸੀ ਪਟਨਾ ( ਬਿਹਾਰ ) ਹਾਲ ਵਾਸੀ ਮੁਹੱਲਾ ਇਸਲਾਮਾਬਾਦ ਨਾਲ ਹਨ , ਜੋ ਇਸ ਸਮੇ ਪਠਾਨਕੋਟ ਵਿਖੇ ਜੁਰਮ 420 ਭ: ਦ: ਦੇ ਮੁਕੱਦਮੇ ਵਿੱਚ ਜੇਲ ਵਿੱਚ ਬੰਦ ਹੈ । ਇਹ ਸਾਰੇ ਹਥਿਆਰ ਉਹਨਾ ਵੱਲੋ ਸੋਨੂੰ ਵਾਸੀ ਪਟਨਾਂ ਬਿਹਾਰ ਦੇ ਨਾਲ ਜਾ ਕੇ ਪਟਨਾ ਤੋ ਲਿਆਦੇ ਸਨ । ਦੋਸ਼ੀਆਂ ਦਾ ਰਿਮਾਂਡ ਹਾਸਲ ਕਰਕੇ ਹੋਰ ਪੁੱਛ-ਗਿੱਛ ਕੀਤੀ ਜਾਵੇਗੀ , ਤੇ ਆਉਣ ਵਾਲੇ ਸਮੇ ਵਿੱਚ ਹੋਰ ਵੀ ਖਲਾਸੇ ਹੋਣ ਦੀ ਉਮੀਦ ਹੈ ।

# ਡਾਕ ਵਿਭਾਗ ਸ਼ੇਰਪੁਰ ਦੇ ਕਰਮਚਾਰੀ ਜਗਦੇਵ ਸਿੰਘ ਧਾਲੀਵਾਲ ਨੂੰ ਵਿਦਾਇਗੀ ਪਾਰਟੀ ਦਿੱਤੀ

**ਸ਼ੇਰਪੁਰ/ਯਾਦਵਿੰਦਰ ਸਿੰਘ ਮਾਹੀ**

ਕਸਬਾ ਸ਼ੇਰਪੁਰ ਦੇ ਸਥਾਨਕ ਡਾਕਘਰ ਵਿਚ ਪਿਛਲੇ ਸਮੇਂ ਤੋਂ ਸੇਵਾ ਨਿਭਾ ਰਹੇ ਜਗਦੇਵ ਸਿੰਘ ਧਾਲੀਵਾਲ ਨੂੰ ਸਮੂਹ ਸਟਾਫ ਸੇਰਪੁਰ ਵੱਲੋਂ ਰਿਟਾਇਰਮੈਂਟ ਉੱਤੇ ਵਿਦਾਇਗੀ ਪਾਰਟੀ ਦਿੱਤੀ ਗਈ । ਵਿਦਾਇਗੀ ਪਾਰਟੀ ਮੌਕੇ ਤੇ ਬੋਲਦਿਆਂ ਆਲ ਇੰਡੀਆ ਗ੍ਰਾਮੀਣ ਡਾਕ ਸੇਵਕ ਯੂਨੀਅਨ ਡਿਵੀਜਨ ਸੰਗਰੂਰ ਦੇ ਵਾਈਸ ਜਰਨਲ ਸੈਕਟਰੀ ਹਰਵਿੰਦਰ ਸਿੰਘ ਸਰਾਂ ਨੇ ਕਿਹਾ ਕਿ ਜਗਦੇਵ ਸਿੰਘ ਧਾਲੀਵਾਲ ਵੱਲੋਂ ਵਿਭਾਗ ਵਿਚ ਘੱਟੋ ਘੱਟ 35 ਸਾਲ ਬਹੁਤੀ ਈਮਾਨਦਾਰੀ ਨਾਲ ਆਪਣੀਆਂ ਸੇਵਾਵਾਂ ਪ੍ਰਦਾਨ ਕੀਤੀਆਂ ਹਨ । ਅੱਜ ਉਹ 35 ਸਾਲ ਸੇਵਾ ਕਰਨ ਉਪਰੰਤ ਪੋਸਟਲ ਅਸਿਸਟੈਂਟ ਦੀ ਪੋਸਟ ਤੋਂ ਬੇਦਾਗ ਰਿਟਾਇਰਡ ਹੋ ਕੇ ਆਪਣੇ ਘਰ ਜਾ ਰਹੇ ਹਨ । ਉਨ੍ਹਾਂ ਕਿਹਾ ਕਿ ਅਸੀਂ ਸਮੁੱਚੇ ਡਾਕ ਵਿਭਾਗ ਸ਼ੇਰਪੁਰ ਦੇ ਕਰਮਚਾਰੀਆਂ ਵੱਲੋਂ ਉਨ੍ਹਾਂ ਦੇ ਸਮੁੱਚੇ ਪਰਿਵਾਰ ਨੂੰ ਅੱਜ ਦੇ ਸ਼ੁਭ ਅਵਸਰ ਤੇ ਮੁਬਾਰਕਵਾਦ ਪੇਸ਼ ਕਰਦੇ ਹਾਂ ਅਤੇ ਕਾਮਨਾ ਕਰਦੇ ਹਾਂ ਕਿ ਜਗਦੇਵ ਸਿੰਘ ਧਾਲੀਵਾਲ ਬਾਕੀ ਰਹਿੰਦੀ ਆਪਣੀ ਜ਼ਿੰਦਗੀ ਆਪਣੇ ਪਰਿਵਾਰ ਨਾਲ ਖੁਸ਼ੀ ਖੁਸ਼ੀ ਬਤੀਤ ਕਰਨ



,ਇਸ ਮੌਕੇ ਤੇ ਬੋਲਦਿਆਂ ਜਗਦੇਵ ਸਿੰਘ ਧਾਲੀਵਾਲ ਨੇ ਕਿਹਾ ਕਿ ਮੈਂ ਸਮੁੱਚੇ ਸਟਾਫ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਨਾਲ ਮੈਂ ਆਪਣੀ ਡਿਊਟੀ ਆਪਣੇ ਪਰਿਵਾਰ ਵਾਂਗ ਰਹਿ ਕੇ ਕੀਤੀ ਹੈ । ਮੈਨੂੰ ਸਾਡੇ ਸਟਾਫ ਵਿਚ ਕਦੇ ਵੀ ਕੋਈ ਦਿੱਕਤ ਪੇਸ਼ ਨਹੀਂ ਆਈ ਉਨ੍ਹਾਂ ਕਿਹਾ ਕਿ ਸਾਰੇ ਕਰਮਚਾਰੀ ਆਪਣਾ ਕੰਮ ਤਨਦੇਹੀ ਅਤੇ ਇਮਾਨਦਾਰੀ ਨਾਲ ਕਰਨ ਤਾਂ ਕੇ ਉਨ੍ਹਾਂ ਨੂੰ ਕਦੇ ਕੋਈ ਮੁਸ਼ਕਿਲ ਦਾ ਸਾਹਮਣਾ ਨਾ ਕਰਨਾ ਪਵੇ । ਡਾਕ ਵਿਭਾਗ ਸ਼ੇਰਪੁਰ ਦੇ ਸਾਰੇ ਕਰਮਚਾਰੀਆਂ ਵੱਲੋਂ ਉਨ੍ਹਾਂ ਨੂੰ ਇੱਕ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ । ਇਸ ਮੌਕੇ ਤੇ ਮੈਡਮ ਸਰਬਜੀਤ ਕੌਰ ਸਬ ਪੋਸਟਮਾਸਟਰ ,ਹਰਦੀਪ ਸਿੰਘ ਪੀ ਏ, ਮੇਵਾ ਸਿੰਘ ਐੱਸ ਪੀ ਐੱਮ , ਮੇਲ ਓਵਰਸੀਅਰ ਗੁਰਸਿਮਰਤ ਸਿੰਘ, ਦਰਸ਼ਨ ਸਿੰਘ ਧਾਲੀਵਾਲ, ਨਵਦੀਪ ਸਿੰਘ ਧਾਲੀਵਾਲ, ਮੈਡਮ ਰੇਨੂਕਾ ਗੋਇਲ, ਮਨਜੋਤ ਕੌਰ ਬੀਪੀਐਮ ਹੇੜੀਕੇ, ਮਨਪ੍ਰੀਤ ਕੌਰ ਬੀ ਪੀ ਐੱਮ ਕਾਤਰੋਂ, ਗੁਰਮੀਤ ਕੌਰ ਬੀਪੀਐਮ ਖੇੜੀ ਕਲਾਂ, ਮਨਪ੍ਰੀਤ ਕੌਰ ਬੀ ਪੀ ਐਮ ਟੁੱਲੀਵਾਲ ,ਹਰਵਿੰਦਰ ਸਿੰਘ ਬੀਪੀਐਮ ਚਾਂਗਲੀ, ਜਿੰਦਰ ਸਿੰਘ ਪੰਜਗਰਾਈਆਂ , ਗੁਰਮੇਲ ਸਿੰਘ ਝਲੂਰ,ਕਰਮ ਸਿੰਘ ਘਨੌਰੀ ਕਲਾਂ , ਹਰਜਿੰਦਰ ਸਿੰਘ ਟੁੱਲੀਵਾਲ, ਹਰਜਿੰਦਰ ਸਿੰਘ ਬਿੱਲੂ ਸ਼ੇਰਪੁਰ, ਸ਼ਿਵ ਪ੍ਰਕਾਸ਼ ਗਰਗ,ਕਰਮਜੀਤ ਸਿੰਘ ਧਾਲੀਵਾਲ ਬੀਪੀਐਮ ਹਮੀਦੀ ਆਦਿ ਹਾਜ਼ਰ ਸਨ ।

# ਕੋਹਿਪ ਵੱਲੋਂ "ਵਾਤਾਵਰਣ ਬਚਾਓ ਮੁਹਿੰਮ'' ਤਹਿਤ ਛਾਂਦਾਰ ਤੇ ਫਲਦਾਰ ਪੌਦੇ ਲਗਾਏ

**ਸ਼ੇਰਪੁਰ/ਯਾਦਵਿੰਦਰ ਸਿੰਘ ਮਾਹੀ**

> **ਸੁਹਾਂਵਣਾ, ਨਿੰਮ,ਅਰਜਨ,ਦੇਸੀ ਅਮਰੂਦ, ਡੇਕ, ਝਕਰੰਡਾ, ਤੂਣ, ਚਕਰੇਸੀਆ ਤੇ ਮੌਲਸਰੀ ਆਦਿ ਕਿਸਮਾਂ ਦੇ ਪੌਦੇ ਲਗਾ ਕੇ ਉਨ੍ਹਾਂ ਦੀ ਸਾਂਭ ਸੰਭਾਲ ਕਰਨ ਦਾ ਅਹਿਦ ਕੀਤਾ**

ਕੌਂਸਲ ਆਫ਼ ਹੈਰੀਟੇਜ ਐਂਡ ਇੰਟਰਨੈਸ਼ਨਲ ਪੀਸ ਕੈਨੇਡਾ ਦੇ ਚੇਅਰਮੈਨ ਸ੍ਰੀ ਰੌਸ਼ਨ ਪਾਠਕ ਜੀ ਦੀ ਦਿਸ਼ਾ ਨਿਰਦੇਸ਼ਾਂ ਤਹਿਤ ਉੱਤਰੀ ਭਾਰਤ ਜ਼ੋਨ ਦੇ ਪ੍ਰਧਾਨ ਡਾ. ਕਮਲਜੀਤ ਟਿੱਬਾ ਦੀ ਅਗਵਾਈ ਹੇਠ ਸ਼ੇਰਪੁਰ ਵਿਖੇ ਵੱਖ ਵੱਖ ਥਾਵਾਂ ਤੇ ਛਾਂਦਾਰ ਅਤੇ ਫ਼ਲਦਾਰ ਬੂਟੇ ਲਗਾਏ ਗਏ। "ਵਾਤਾਵਰਨ ਬਚਾਓ ਮੁਹਿੰਮ ਤਹਿਤ" ਕੋਹਿਪ ਕੈਨੇਡਾ ਦੀ ਸਮੁੱਚੀ ਟੀਮ ਵੱਲੋਂ ਸ਼ੇਰਪੁਰ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅਤੇ ਪੰਜਾਹ ਢੁੱਟੀ ਸੜਕ ਉੱਤੇ ਸੁਹਾਂਵਣਾ, ਨਿੰਮ,ਅਰਜਨ,ਦੇਸੀ ਅਮਰੂਦ, ਡੇਕ, ਝਕਰੰਡਾ, ਤੂਣ, ਚਕਰੇਸੀਆ ਤੇ ਮੌਲਸਰੀ ਆਦਿ ਕਿਸਮਾਂ ਦੇ ਪੌਦੇ ਲਗਾ ਕੇ ਉਨ੍ਹਾਂ ਦੀ ਸਾਂਭ ਸੰਭਾਲ ਕਰਨ ਦਾ ਅਹਿਦ ਕੀਤਾ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੰਸਥਾ ਦੇ ਆਗੂ ਡਾ. ਕਮਲਜੀਤ ਸਿੰਘ ਟਿੱਬਾ ਨੇ ਕਿਹਾ ਕਿ ਵਾਤਾਵਰਨ ਵਿੱਚ ਵੱਧ ਰਹੇ ਪ੍ਰਦੂਸ਼ਣ ਦੇ ਪ੍ਰਭਾਵ ਨਾਲ ਮਨੁੱਖ ਅਨੇਕਾਂ ਤਰ੍ਹਾਂ ਦੀਆਂ ਬਿਮਾਰੀਆਂ ਤੋਂ ਗ੍ਰਸਤ ਹੋ ਰਿਹਾ ਹੈ,ਇਸ ਲਈ ਵਾਤਾਵਰਨ ਦੀ ਸਾਂਭ ਸੰਭਾਲ ਅਤੇ ਸ਼ੁੱਧਤਾ ਲਈ ਸਮਾਜਿਕ ਸੰਸਥਾਵਾਂ ਵੱਲੋਂ ਲੋੜੀਂਦੇ ਉਪਰਾਲੇ ਕੀਤੇ ਜਾਣੇ ਚਾਹੀਦੇ ਹਨ।ਕੋਹਿਪ ਕੈਨੇਡਾ ਦੇ ਮੀਡੀਆ ਇੰਚਾਰਜ ਕੁਲਵੰਤ ਸਿੰਘ ਟਿੱਬਾ ਨੇ ਕਿਹਾ ਕਿ ਸਾਡੀ ਸੰਸਥਾ ਵਲੋਂ ਚੇਅਰਮੈਨ ਸ੍ਰੀ ਰੌਸ਼ਨ ਪਾਠਕ ਜੀ ਦੀ ਅਗਵਾਈ ਹੇਠ ਅੱਜ ਵੱਖ ਵੱਖ ਮੁਲਕਾਂ ਅਤੇ ਸੂਬਿਆਂ ਵਿੱਚ ਇੱਕੋ ਦਿਨ ਇੱਕੋ ਸਮੇਂ ਵਾਤਾਵਰਨ ਦੀ ਸਾਂਭ ਸੰਭਾਲ ਲਈ ਪੌਦੇ ਲਗਾਉਣ ਦੀ ਮੁਹਿੰਮ ਰਾਹੀਂ ਵੱਖ ਵੱਖ ਸ਼ਹਿਰਾਂ ਅਤੇ ਕਸਬਿਆਂ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਪੌਦੇ ਲਗਾਏ ਜਾ ਰਹੇ ਹਨ। ਇਸ ਮੌਕੇ ਸੰਸਥਾ ਦੇ ਮੀਡੀਆ ਇੰਚਾਰਜ ਕੁਲਵੰਤ ਸਿੰਘ ਟਿੱਬਾ, ਗੁਰਮੇਲ ਸਿੰਘ ਗਰੇਵਾਲ,ਕਮਲਜੀਤ ਸਿੰਘ ਜਲੂਰ,ਹਰਵਿੰਦਰ ਸਿੰਘ ਸਰਾਂ, ਹੰਸ ਰਾਜ ਬਾਵਾ ਕਾਤਰੋਂ, ਕੁਮਾਰ ਜੀਵਨ ਸ਼ੇਰਪੁਰ, ਇੰਦਰਜੀਤ ਸਿੰਘ ਕੌਸ਼ਲ,ਮਨਜੀਤ ਸਿੰਘ ਬਿੰਦ, ਗੁਰਵਿੰਦਰ ਸਿੰਘ ਗਰੇਵਾਲ, ਯਾਦਵਿੰਦਰ ਸਿੰਘ, ਮੈਡਮ ਰਜਿੰਦਰ ਕੌਰ ਗਰੇਵਾਲ, ਮੈਡਮ ਪਰਮਜੀਤ ਕੌਰ ਬਿੰਦ ਆਦਿ ਆਗੂ ਵੀ ਹਾਜਰ ਸਨ।

# ਵਿਧਾਇਕ ਬੱਗਾ, ਮੇਅਰ ਸੰਧੂ ਤੇ ਕਮਿਸ਼ਨਰ ਸ਼ੇਨਾ ਅਗਰਵਾਲ ਵੱਲੋਂ ਬੁੱਢੇ ਨਾਲੇ 'ਤੇ 'ਰਾਈਜ਼ਿੰਗ ਮੇਨ' ਦੇ ਨਿਰਮਾਣ ਕਾਰਜ਼ ਦਾ ਉਦਘਾਟਨ

## ਬੁੱਢੇ ਨਾਲੇ ਦਾ ਕਾਇਆ ਕਲਪ ਪ੍ਰੋਜੈਕਟ ਡ੍ਰੀਮ ਪ੍ਰੋਜੈਕਟਾਂ ਵਿੱਚੋਂ ਇੱਕ ਹੈ - ਵਿਧਾਇਕ ਬੱਗਾ




**ਲੁਧਿਆਣਾ/ਸੁਖਚੈਨ ਮਹਿਰਾ, ਵਰਿੰਦਰ ਪ੍ਰਕਾਸ਼ ਭਾਂਬਰੀ**

ਹਲਕਾ ਲੁਧਿਆਣਾ ਉੱਤਰੀ ਤੋਂ ਵਿਧਾਇਕ ਚੌਧਰੀ ਮਦਨ ਲਾਲ ਬੱਗਾ, ਨਗਰ ਨਿਗਮ ਦੇ ਮੇਅਰ ਸ੍ਰੀ ਬਲਕਾਰ ਸਿੰਘ ਸੰਧੂ ਅਤੇ ਨਿਗਮ ਕਮਿਸ਼ਨਰ ਡਾ. ਸ਼ੇਨਾ ਅਗਰਵਾਲ ਵੱਲੋਂ ਅੱਜ ਬੁੱਢੇ ਨਾਲੇ 'ਤੇ 'ਰਾਈਜ਼ਿੰਗ ਮੇਨ' ਦੇ ਨਿਰਮਾਣ ਕਾਰਜ ਦੀ ਸ਼ੁਰੂਆਤ ਦਾ ਉਦਘਾਟਨ ਕੀਤਾ। ਇਹ ਕਾਰਜ 650 ਕਰੋੜ ਰੁਪਏ ਦੇ ਬੁੱਢੇ ਨਾਲੇ ਦੇ ਪੁਨਰ-ਨਿਰਮਾਣ ਪ੍ਰੋਜੈਕਟ ਦਾ ਹਿੱਸਾ ਹੈ।

ਇਸ ਮੌਕੇ ਉਨ੍ਹਾਂ ਦੇ ਨਾਲ ਨਗਰ ਨਿਗਮ ਦੇ ਐਸ.ਈ. ਸ. ਰਜਿੰਦਰ ਸਿੰਘ, ਐਕਸੀਅਨ ਸ੍ਰੀ ਸੰਜੀਵ ਸ਼ਰਮਾ, ਐਕਸੀਅਨ ਸ. ਜੀ.ਪੀ. ਸਿੰਘ ਅਤੇ ਹੋਰ ਸੀਨੀਅਰ ਅਧਿਕਾਰੀ ਵੀ ਮੌਜੂਦ ਸਨ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਵਿਧਾਇਕ ਸ੍ਰੀ ਬੱਗਾ ਨੇ ਦੱਸਿਆ ਕਿ 650 ਕਰੋੜ ਰੁਪਏ ਦੀ ਲਾਗਤ ਵਾਲੇ ਬੁੱਢੇ ਨਾਲੇ ਦੇ ਕਾਇਆ ਕਲਪ ਵਾਲਾ ਪ੍ਰੋਜੈਕਟ ਉਨ੍ਹਾਂ ਦੇ ਡ੍ਰੀਮ ਪ੍ਰੋਜੈਕਟਾਂ ਵਿੱਚੋਂ ਇੱਕ ਹੈ। ਉਨ੍ਹਾ ਪ੍ਰਣ ਕੀਤਾ ਹੈ ਕਿ ਬੁੱਢੇ ਨਾਲੇ ਨੂੰ ਬੁੱਢੇ ਦਰਿਆ ਵਿੱਚ ਤਬਦੀਲ ਕਰਨ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਉਨ੍ਹਾਂ ਕਿਹਾ ਕਿ 'ਰਾਈਜ਼ਿੰਗ ਮੇਨ' ਪ੍ਰਣਾਲੀ ਬੁੱਢੇ ਨਾਲੇ ਦੀ ਸਫਾਈ ਲਈ ਬੇਹੱਦ ਲਾਹੇਵੰਦ ਸਿੱਧ ਹੋਵੇਗੀ। ਉਨ੍ਹਾਂ ਦੱਸਿਆ ਕਿ ਦੂਸਰੇ ਪੜਾਅ ਤਹਿਤ ਇਹ ਪਾਈਪ ਲਾਈਨ ਵਿਛਾਉਣ ਦਾ ਕੰਮ ਅੱਜ ਹੈਬੋਵਾਲ ਚੌਕ ਤੋਂ ਸ਼ੁਰੂ ਕਰ ਦਿੱਤਾ ਗਿਆ ਹੈ ਜੋ ਕੁੰਦਨ ਪੁਰੀ ਤੱਕ ਮੁਕੰਮਲ ਕਰ ਲਿਆ ਜਾਵੇਗਾ। ਉਨ੍ਹਾਂ ਅੱਗੇ ਦੱਸਿਆ ਕਿ ਇਸ ਪ੍ਰੋਜੈਕਟ ਦਾ ਟੀਚਾ ਉਨ੍ਹਾਂ ਸਾਰੇ ਰਸਤਿਆਂ ਨੂੰ ਬੰਦ ਕਰਨਾ ਹੈ ਜਿੱਥੋਂ ਘਰੇਲੂ ਗੰਦਾ ਪਾਣੀ ਬੁੱਢੇ ਨਾਲੇ ਵਿੱਚ ਦਾਖਲ ਹੁੰਦਾ ਹੈ, ਇਨ੍ਹਾਂ ਰਸਤਿਆਂ ਵਿੱਚੋਂ ਆਉਣ ਵਾਲੇ ਪਾਣੀ ਦੇ ਵਹਾਅ ਨੂੰ ਇਕੱਠਾ ਕਰਕੇ ਨੇੜੇ ਦੇ ਆਈ.ਪੀ.ਐਸ. ਰਾਹੀਂ ਸੀਵਰੇਜ ਟਰੀਟਮੈਂਟ ਪਲਾਂਟ (ਐਸ.ਟੀ.ਪੀ.) ਤੱਕ ਪਹੁੰਚਾਉਣਾ ਹੈ। ਰਾਈਜ਼ਿੰਗ ਮੇਨ ਲਾਈਨ ਦਾ ਮੁੱਖ ਉਦੇਸ਼ ਇੰਟਰਮੀਡੀਏਟ ਪੰਪਿੰਗ ਸਟੇਸ਼ਨ (ਆਈ.ਪੀ.ਐਸ.) ਤੋਂ ਗੰਦੇ ਪਾਣੀ ਨੂੰ ਸਬੰਧਤ ਐਸ.ਟੀ.ਪੀਜ਼ ਤੱਕ ਲਿਜਾਣ ਲਈ ਬੁੱਢੇ ਨਾਲੇ ਦੇ ਕਿਨਾਰੇ ਪਾਈਪਲਾਈਨ ਵਿਛਾਕੇ ਘਰੇਲੂ ਸੀਵਰੇਜ ਨੂੰ ਸੰਭਾਲਣਾ ਹੈ। ਇਸ ਮੌਕੇ ਬਿੱਟੂ ਭਨੋਟ, ਸ਼ਿਵਤਾਰ ਸਿੰਘ ਬਾਜਵਾ, ਬਿੱਟੂ ਭਾਰਦਵਾਜ, ਰਾਕੇਸ਼ ਕਰੀਰ, ਅਮਨ ਬੱਗਾ, ਅਜੀਤ ਢਿੱਲੋਂ, ਗੌਰਵ ਬੱਗਾ, ਰਾਜੂ ਖੇੜਾ, ਨਰੇਸ਼ ਕੁਮਾਰ, ਰਵਿੰਦਰ ਸ਼ਰਮਾ, ਕੁਲਦੀਪ ਮੱਕੜ, ਗੁਰਵੀਰ ਬਾਜਵਾ, ਸੰਨੀ ਭਨੋਟ, ਮੋਹਿਤ ਸ਼ਰਮਾ, ਗੀਟਾ ਕਟੋਚ, ਸੁਰਿੰਦਰ ਸਿੰਘ, ਦਿਨੇਸ਼ ਸ਼ਰਮਾ ਤੇ ਇਲਾਕਾ ਨਿਵਾਸੀ ਹਾਜ਼ਰ ਸਨ।

# ਪ੍ਰਧਾਨ ਮੰਤਰੀ ਮਾਤਰੂ ਵੰਦਨਾ ਯੋਜਨਾ ਤਹਿਤ ਹੁਣ ਤੱਕ ਜ਼ਿਲ੍ਹੇ ਦੇ 24,394 ਲਾਭਪਾਤਰੀਆਂ ਨੂੰ ਲਾਭ ਮੁਹੱਈਆ ਕਰਵਾਇਆ ਗਿਆ : ਜ਼ਿਲ੍ਹਾ ਪ੍ਰੋਗਰਾਮ ਅਫਸਰ

**ਜਲੰਧਰ/ਸੰਜੇ ਰਾਜਪੂਤ**

> **ਹੁਣ ਤੱਕ 24,394 ਗਰਭਵਤੀ ਔਰਤਾਂ ਅਤੇ ਦੁੱਧ ਪਿਲਾਊ ਮਾਵਾਂ ਨੂੰ 9,24,96000 ਰੁਪਏ ਦੀ ਵਿੱਤੀ ਸਹਾਇਤਾ ਮੁਹੱਈਆ ਕਰਵਾਈ**

ਪ੍ਰਧਾਨ ਮੰਤਰੀ ਮਾਤਰੂ ਵੰਦਨਾ ਯੋਜਨਾ ਤਹਿਤ ਜਲੰਧਰ ਜ਼ਿਲ੍ਹੇ 'ਚ 1 ਜਨਵਰੀ 2017 ਤੋਂ ਲੈ ਕੇ ਹੁਣ ਤੱਕ 24,394 ਗਰਭਵਤੀ ਔਰਤਾਂ ਅਤੇ ਦੁੱਧ ਪਿਲਾਊ ਮਾਵਾਂ ਨੂੰ 9,24,96000 ਰੁਪਏ ਦੀ ਵਿੱਤੀ ਸਹਾਇਤਾ ਮੁਹੱਈਆ ਕਰਵਾਈ ਜਾ ਚੁੱਕੀ ਹੈ।

ਇਹ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਪ੍ਰੋਗਰਾਮ ਅਫਸਰ ਇੰਦਰਜੀਤ ਕੌਰ ਨੇ ਦੱਸਿਆ ਗਰਭਵਤੀ ਔਰਤਾਂ ਅਤੇ ਦੁੱਧ ਪਿਲਾਊ ਮਾਵਾਂ ਨੂੰ ਸਿਹਤ ਪੱਖੋਂ ਮਜ਼ਬੂਤੀ ਪ੍ਰਦਾਨ ਕਰਨ ਲਈ ਪ੍ਰਧਾਨ ਮੰਤਰੀ ਮਾਤਰੂ ਵੰਦਨਾ ਯੋਜਨਾ ਤਹਿਤ ਔਰਤਾਂ ਨੂੰ ਵਿੱਤੀ ਸਹਾਇਤਾ ਮੁਹੱਈਆ ਕਰਵਾਈ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਇਸਤਰੀ ਤੇ ਬਾਲ ਵਿਕਾਸ ਦੀ ਇਹ ਸਕੀਮ ਗਰਭਵਤੀ ਔਰਤਾਂ ਅਤੇ ਦੁੱਧ ਪਿਲਾਊ ਮਾਵਾਂ ਦੀ ਸਿਹਤ 'ਚ ਸੁਧਾਰ ਅਤੇ ਪੋਸ਼ਣ ਸੰਬੰਧੀ ਜਰੂਰਤਾਂ ਨੂੰ ਪੂਰਾ ਕਰਨ ਲਈ ਸ਼ੁਰੂ ਕੀਤੀ ਗਈ ਹੈ।

ਉਨ੍ਹਾਂ ਦੱਸਿਆ ਕਿ ਲਾਭਪਾਤਰੀਆਂ ਦੇ ਖਾਤੇ 'ਚ ਤਿੰਨ ਕਿਸ਼ਤਾਂ 'ਚ 5 ਹਜ਼ਾਰ ਰੁਪਏ ਮੁਹੱਈਆ ਕਰਵਾਏ ਜਾਂਦੇ ਹਨ। ਪਹਿਲੀ ਕਿਸ਼ਤ ਇੱਕ ਹਜ਼ਾਰ ਰੁਪਏ ਦੀ ਔਰਤ ਦੇ ਗਰਭਧਾਰਨ ਤੋਂ 150 ਦਿਨਾਂ ਦੇ ਅੰਦਰ-ਅੰਦਰ ਨੇੜਲੇ ਆਂਗਣਵਾੜੀ ਸੈਂਟਰ 'ਚ ਰਜਿਸਟ੍ਰੇਸ਼ਨ ਕਰਵਾਉਣ ਮਗਰੋਂ ਮਿਲਦੀ ਹੈ, ਜਦਕਿ ਦੋ ਹਜ਼ਾਰ ਰੁਪਏ ਦੀ ਦੂਜੀ ਕਿਸ਼ਤ ਗਰਭਕਾਲ ਦੇ ਛੇ ਮਹੀਨੇ ਪੂਰੇ ਹੋਣ ਅਤੇ ਗਰਭਅਵੱਸਥਾ 'ਚ ਇੱਕ ਚੈੱਕਅੱਪ ਹੋਣ 'ਤੇ ਅਤੇ ਦੋ ਹਜ਼ਾਰ ਰੁਪਏ ਦੀ ਤੀਜੀ ਤੇ ਆਖ਼ਰੀ ਕਿਸ਼ਤ ਬੱਚੇ ਦੇ ਜਨਮ ਦੀ ਰਜਿਸਟਰੇਸ਼ਨ ਅਤੇ ਇੱਕ ਗੇੜ ਦਾ ਟੀਕਾਕਰਨ ਪੂਰਨ ਕਰਨ ਉਪਰੰਤ ਮਿਲਦੀ ਹੈ।

ਉਨ੍ਹਾਂ ਦੱਸਿਆ ਕਿ ਗਰਭਵਤੀ ਅਤੇ ਦੁੱਧ ਪਿਲਾਊ ਮਾਵਾਂ, ਜਿਹੜੀਆਂ ਕੇਂਦਰ ਜਾਂ ਰਾਜ ਸਰਕਾਰ ਤੋਂ ਕੋਈ ਵਿੱਤੀ ਲਾਭ ਨਹੀਂ ਲੈ ਰਹੀਆਂ, ਇਸ ਸਕੀਮ ਦਾ ਲਾਭ ਲੈਣ ਦੇ ਯੋਗ ਹਨ। ਉਨ੍ਹਾਂ ਸਮੂਹ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਇਸ ਸਕੀਮ ਦਾ ਲਾਭ ਲੈਣ ਲਈ ਆਪਣੇ ਨੇੜਲੇ ਆਂਗਣਵਾੜੀ ਸੈਂਟਰ ਨਾਲ ਰਾਬਤਾ ਕਾਇਮ ਰੱਖਣ।

# ਵਿਧਾਇਕ ਦਲਬੀਰ ਸਿੰਘ ਟੌਂਗ ਦਾ ਫ਼ਤਿਆਬਾਦ ਵਿਖੇ ਪੁੱਜਣ ਤੇ ਵਰਕਰਾਂ ਵਲੋਂ ਨਿੱਘਾ ਸੁਆਗਤ ਕੀਤਾ




**ਜੰਡਿਆਲਾ ਗੁਰੂ/ਜਸਪਾਲ ਸ਼ਰਮਾ:-** ਆਮ ਆਦਮੀ ਪਾਰਟੀ ਦੇ ਹਲਕਾ ਬਾਬਾ ਤੋਂ ਵਿਧਾਇਕ ਦਲਬੀਰ ਸਿੰਘ ਟੌਂਗ ਦਾ ਬਲਦੇਵ ਸਿੰਘ ਦੇ ਗ੍ਰਹਿ ਫ਼ਤਿਆਬਾਦ ਵਿਖੇ ਪੁੱਜਣ ਤੇ ਆਪ ਆਗੂਆਂ, ਵਰਕਰਾਂ ਵਲੋਂ ਨਿੱਘਾ ਸੁਆਗਤ ਕੀਤਾ ਗਿਆ।ਇਸ ਮੌਕੇ ਵਿਧਾਇਕ ਦਲਬੀਰ ਸਿੰਘ ਟੌਂਗ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਭਾਰੀ ਬਹੁਮਤ ਨਾਲ ਜਿਤਾ ਕੇ ਆਮ ਆਦਮੀ ਪਾਰਟੀ ਨੂੰ ਸਤਾ ਵਿੱਚ ਲਿਆਂਦਾ ਹੈ ਅਤੇ ਸਾਨੂੰ ਵਿਸਵਾਸ ਹੈ ਕਿ ਅਸੀਂ ਲੋਕਾਂ ਦੀਆਂ ਆਸਾਂ ਉਮੀਦਾਂ ਤੇ ਖਰੇ ਉਤਰਾਂਗੇ ।ਆਮ ਆਦਮੀ ਪਾਰਟੀ ਪੰਜਾਬ ਦੇ ਭਲੇ ਲਈ ਅਜਿਹੇ ਕੰਮ ਕਰੇਗੀ ਲੋਕ ਯਾਦ ਰੱਖਣਗੇ । ਉਨ੍ਹਾਂ ਕਿਹਾ ਕਿ ਦਿੱਲੀ ਚ ਸ੍ਰੀ ਅਰਵਿੰਦ ਕੇਜਰੀਵਾਲ ਦੀ ਸਰਕਾਰ ਇਕ ਉਦਾਹਰਣ ਹੈ ਜਿੱਥੇ ਹਸਪਤਾਲਾਂ ਅਤੇ ਸਕੂਲਾਂ ਵਿੱਚ ਸਾਨਦਾਰ ਸੇਵਾਵਾਂ ਦਿੱਤੀਆਂ ਜਾ ਰਹੀਆਂ ਅਤੇ ਬਾਹਰਲੇ ਦੇਸ਼ਾਂ ਦੀ ਲੋਕ ਵੇਖਣ ਆ ਰਹੇ ਹਨ । ਉਹਨਾਂ ਕਿਹਾ ਕਿ ਅਜਿਹੀਆਂ ਹੀ ਸੇਵਾਵਾਂ ਪੰਜਾਬ ਵਿੱਚ ਵੀ ਦਿੱਤੀਆਂ ਜਾਣਗੀਆਂ।ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਕੋਈ ਭਰਿਸਟਾਚਾਰ ਕਰਨ ਵਾਲੇ ਵਿਅਕਤੀ ਨੂੰ ਬਖਸ਼ਿਆ ਨਹੀਂ ਜਾਵੇਗਾ ਚਾਹੇ ਆਪਣੀ ਪਾਰਟੀ ਦਾ ਹੋਵੇ ਜਾਂ ਦੂਸਰਾ ਕੋਈ ਹੋਰ ਜਿਵੇਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪਿੱਛਲੇ ਦਿਨੀ ਸਾਬਕਾ ਕੈਬਨਿਟ ਮੰਤਰੀ ਵਿਜੈ ਸਿੰਗਲਾ ਨੂੰ ਪਾਰਟੀ ਵਿੱਚੋ ਬਾਹਰ ਦਾ ਰਸਤਾ ਵਿਖਾਇਆ ਆਪ ਦੇ ਵਿਧਾਇਕ ਅਤੇ ਮੰਤਰੀਆਂ ਦੀ ਨੀਅਤ ਅਤੇ ਨੀਤੀਆਂ ਬਿਲਕੁਲ ਸਹੀ ਹਨ ਤੇ ਸਰਕਾਰ ਪੂਰੇ ਪੰਜ ਸਾਲ ਚੱਲੇਗੀ ਅਤੇ ਹਰ ਗਾਰੰਟੀ ਨੂੰ ਲਾਗੂ ਕੀਤਾ ਜਾਵੇਗਾ ਉਹਨਾ ਕਿਹਾ ਕਿ ਸਾਨੂੰ ਸਿੱਧੂ ਮੂਸੇ ਵਾਲੇ ਦੀ ਮੌਤ ਦਾ ਬਹੁਤ ਅਫਸੋਸ ਹੈ ਉਸ ਦੇ ਕਾਤਲਾਂ ਨੂੰ ਬਖਸਿਆ ਨਹੀ ਜਾਵੇਗਾ ਉਹ ਬਹੁਤ ਜਲਦੀ ਜੇਲ ਦੀਆਂ ਲਸਲਾਖਾਂ ਪਿੱਛੇ ਹੋਣਗੇ! ਇਸ ਮੌਕੇ ਸਾਬਕਾ ਜੇ ਈ ਬਲਦੇਵ ਸਿੰਘ,ਸਾਬਕਾ ਜੇ ਈ ਨਰਿੰਦਰ ਸਿੰਘ, ਪ੍ਰਿਤਪਾਲ ਸਿੰਘ ਪੱਡਾ,ਰਕੇਸ਼ ਪੰਡਿਤ,ਜੋਗਬੀਰ ਸਿੰਘ,ਸੁੱਖਵਿੰਦਰ ਸਿੰਘ ਮਾਸਟਰ,ਲਖਵਿੰਦਰ ਸਿੰਘ ਸਾਬਕਾ ਕਾਨੂੰਗੋ, ਸੁਖਚੈਨ ਸਿੰਘ, ਸਰਪਿੰਦਰ ਸਿੰਘ ਪੀ ਏ ਅਤੇ ਹੋਰ ਹਾਜ਼ਰ ਸਨ ।

# ਦਸ਼ਮੇਸ ਨਗਰ 'ਚ ਇੰਟਰਲਾਕ ਫਿਰਨੀ ਬਣਾਉਣ ਦਾ ਨਿਰਮਾਣ ਕਾਰਜ਼ ਸ਼ੁਰੂ



**ਪਟਿਆਲਾ/ਇਕਬਾਲ ਸਿੰਘ**

ਇੱਥੋਂ ਨੇੜਲੇ ਪਿੰਡ ਦਸ਼ਮੇਸ਼ ਨਗਰ ਵਿਖੇ ਪਿੰਡ ਦੇ ਪੱਛਮ ਵਾਲੇ ਪਾਸੇ ਦੀ ਬਣਨ ਵਾਲੀ ਫਿਰਨੀ ਤੇ ਇੰਟਰਲਾਕ ਟਾਇਲਾਂ ਲਗਾਉਣ ਦਾ ਨਿਰਮਾਣ ਕਾਰਜ਼ ਪੰਚ ਹਰਦੇਵ ਸਿੰਘ ਅਤੇ ਪੰਚ ਇੰਦਰ ਸਿੰਘ ਦੇ ਕਰ ਕਮਲਾਂ ਦੁਆਰਾ ਸਰਪੰਚ ਡਾ.ਦਰਸ਼ਨ ਸਿੰਘ ਵੱਲੋਂ ਸ਼ੁਭ ਉਦਘਾਨਟ ਕਰਵਾਇਆ ਗਿਆ।ਸਰਪੰਚ ਡਾ.ਦਰਸ਼ਨ ਸਿੰਘ ਨੇ ਦੱਸਿਆ ਕਿ ਇਹ ਗਲੀ ਪਾਲ ਸਿੰਘ ਦੇ ਘਰ ਤੋਂ ਸ਼ੁਰੂ ਹੋ ਕੇ ਹਰਬੰਸ ਸਿੰਘ ਫੌਜ਼ੀ ਦੇ ਘਰ ਤੱਕ ਜਾਂਦੀ ਹੈ।ਗ੍ਰਾਮ ਪੰਚਾਇਤ ਦਸ਼ਮੇਸ਼ ਨਗਰ ਕੋਲ ਪਿੰਡ ਦੇ ਵਸਨੀਕਾਂ ਵੱਲੋਂ ਇਹ ਗਲੀ ਬਣਾਏ ਜਾਣ ਦੀ ਕਾਫੀ ਲੰਬੇ ਸਮੇਂ ਤੋਂ ਮੰਗ ਕੀਤੀ ਜਾ ਰਹੀ ਸੀ। ਇਸ ਨਿਰਮਾਣ ਕਾਰਜ਼ ਦੇ ਸੁਰੂ ਹੋਣ ਨਾਲ ਸਮੂੰਹ ਨਗਰ ਨਿਵਾਸੀਆਂ ਵੱਲੋਂ ਖੁਸ਼ੀ ਦਾ ਪ੍ਰਗਟਾਵਾ ਕੀਤਾ ਜਾ ਰਿਹਾ ਹੈ ਇਸ ਮੋਕੇ ਬਲਵਿੰਦਰ ਸਿੰਘ,ਪਰਮਜੀਤ ਸਿੰਘ ,ਪਾਲਾ ਸਿੰਘ,ਸ਼ਮਸ਼ੇਰ ਸਿੰਘ ,ਸੋਨੂੰ ਸਿੰਘ ਮੁਹੱਬਤ ਸਿੰਘ ਤੇ ਹੋਰ ਪਿੰਡ ਵਾਸੀ ਮੋਜੂਦ ਸਨ।

# ਸਰਕਲ ਪ੍ਰਧਾਨ ਮੱਖਣ ਲਾਲ ਤੇ ਸੋਹਲ ਲਾਲ ਸਾਥੀਆਂ ਸਮੇਤ ਵਿਧਾਇਕ ਜੌੜੇਮਾਜਰਾ ਨੂੰ ਮਿਲੇ



**ਪਟਿਆਲਾ/ਇਕਬਾਲ ਸਿੰਘ:-** ਵਿਧਾਨ ਸਭਾ ਹਲਕਾ ਸਮਾਣਾ ਅਧੀਨ ਆਉਂਦੇ ਪਿੰਡ ਸੱਸੀ ਬ੍ਰਾਹਮਣਾ, ਧਰਮੇੜੀ, ਹਾਸਮਪੁਰ ਮਾਂਗਟਾਂ, ਭਗਵਾਨਪੁਰ ਆਦਿ ਪਿੰਡਾਂ ਦੇ ਲੋਕਾਂ ਨੂੰ ਹੜਾਂ ਦੇ ਪਾਣੀ ਨਾਲ ਫਸਲਾਂ ਦੇ ਹੁੰਦੇ ਨੁਕਸਾਨ ਨੂੰ ਲੇ ਕੇ ਸਰਕਲ ਪ੍ਰਧਾਨ ਮੱਖਣ ਸਿੰਘ, ਸੋਹਨ ਲਾਲ ਸਾਬਕਾ, ਤਰਸੇਮ ਲਾਲ, ਅਸ਼ੋਕ ਕੁਮਾਰ, ਜੀ.ਓ.ਜੀ. ਰਤੀ ਰਾਮ ਸ਼ਰਮਾਂ, ਜਗਤਾਰ ਸਿੰਘ, ਦੇਬ ਸਿੰਘ, ਪਰਮਜੀਤ ਸਿੰਘ ਆਦਿ ਪਿੰਡ ਵਾਸੀਆਂ ਨੇ ਹਲਕਾ ਸਮਾਣਾ ਦੇ ਵਿਧਾਇਕ ਚੇਤਨ ਸਿੰਘ ਜੌੜੇਮਾਜਰਾ ਕੋਲ ਮਸਲਾ ਉਠਾਇਆ ਕਿ ਹੁੰਦੇ ਕਿਸਾਨਾਂ ਨੂੰ ਹੜਾਂ ਦੇ ਪਾਣੀ ਨਾਲ ਫਸਲਾਂ ਦੇ ਹੁੰਦੇ ਨੁਕਸਾਨ ਤੋਂ ਨਿਜਾਤ ਦਿਵਾਈ ਜਾਵੇ ਜਿਸ ਤਹਿਤ ਉਹਨਾਂ ਆਗੂਆਂ ਨੂੰ ਵਿਸ਼ਵਾਸ਼ ਦਵਾਇਆ ਕਿ ਕਿਸਾਨਾਂ ਦੀਆਂ ਫਸਲਾਂ ਦਾ ਕਿਸੇ ਵੀ ਤਰ੍ਹਾਂ ਨੁਕਸਾਨ ਨਹੀਂ ਹੋਣ ਦਿੱਤਾ ਜਾਵੇਗਾ ਅਤੇ ਹਰ ਸੰਭਵ ਮਦਦ ਦਾ ਭਰੋਸਾ ਦਿੱਤਾ।

# ਸਰਕਲ ਪ੍ਰਧਾਨ ਮੱਖਣ ਲਾਲ ਤੇ ਸੋਹਲ ਲਾਲ ਸਾਥੀਆਂ ਸਮੈਤ ਵਿਧਾਇਕ ਜੌੜੇਮਾਜਰਾ ਨੂੰ ਮਿਲੇ

**ਪਟਿਆਲਾ/ਇਕਬਾਲ ਸਿੰਘ:-** ਵਿਧਾਨ ਸਭਾ ਹਲਕਾ ਸਮਾਣਾ ਅਧੀਨ ਆਉਂਦੇ ਪਿੰਡ ਸੱਸੀ ਬ੍ਰਾਹਮਣਾ, ਧਰਮੇੜੀ, ਹਾਸਮਪੁਰ ਮਾਂਗਟਾਂ, ਭਗਵਾਨਪੁਰ ਆਦਿ ਪਿੰਡਾਂ ਦੇ ਲੋਕਾਂ ਨੂੰ ਹੜਾਂ ਦੇ ਪਾਣੀ ਨਾਲ ਫਸਲਾਂ ਦੇ ਹੁੰਦੇ ਨੁਕਸਾਨ ਨੂੰ ਲੇ ਕੇ ਸਰਕਲ ਪ੍ਰਧਾਨ ਮੱਖਣ ਸਿੰਘ, ਸੋਹਨ ਲਾਲ ਸਾਬਕਾ, ਤਰਸੇਮ ਲਾਲ, ਅਸ਼ੋਕ ਕੁਮਾਰ, ਜੀ.ਓ.ਜੀ. ਰਤੀ ਰਾਮ ਸ਼ਰਮਾਂ, ਜਗਤਾਰ ਸਿੰਘ, ਦੇਬ ਸਿੰਘ, ਪਰਮਜੀਤ ਸਿੰਘ ਆਦਿ ਪਿੰਡ ਵਾਸੀਆਂ ਨੇ ਹਲਕਾ ਸਮਾਣਾ ਦੇ ਵਿਧਾਇਕ ਚੇਤਨ ਸਿੰਘ ਜੌੜੇਮਾਜਰਾ ਕੋਲ ਮਸਲਾ ਉਠਾਇਆ ਕਿ ਹੁੰਦੇ ਕਿਸਾਨਾਂ ਨੂੰ ਹੜਾਂ ਦੇ ਪਾਣੀ ਨਾਲ ਫਸਲਾਂ ਦੇ ਹੁੰਦੇ ਨੁਕਸਾਨ ਤੋਂ ਨਿਜਾਤ ਦਿਵਾਈ ਜਾਵੇ ਜਿਸ ਤਹਿਤ ਉਹਨਾਂ ਆਗੂਆਂ ਨੂੰ ਵਿਸ਼ਵਾਸ਼ ਦਵਾਇਆ ਕਿ ਕਿਸਾਨਾਂ ਦੀਆਂ ਫਸਲਾਂ ਦਾ ਕਿਸੇ ਵੀ ਤਰ੍ਹਾਂ ਨੁਕਸਾਨ ਨਹੀਂ ਹੋਣ ਦਿੱਤਾ ਜਾਵੇਗਾ ਅਤੇ ਹਰ ਸੰਭਵ ਮਦਦ ਦਾ ਭਰੋਸਾ ਦਿੱਤਾ।

# ਕੋਹਿਪ ਵੱਲੋਂ "ਵਾਤਾਵਰਣ ਬਚਾਓ ਮੁਹਿਮ" ਤਹਿਤ ਛਾਂਦਾਰ ਤੇ ਫਲਦਾਰ ਪੌਦੇ ਲਗਾਏ




**ਸ਼ੇਰਪੁਰ/ਯਾਦਵਿੰਦਰ ਸਿੰਘ ਮਾਹੀ**

ਕੌਂਸਲ ਆਫ਼ ਹੈਰੀਟੇਜ ਐਂਡ ਇੰਟਰਨੈਸ਼ਨਲ ਪੀਸ ਕੈਨੇਡਾ ਦੇ ਚੇਅਰਮੈਨ ਸ੍ਰੀ ਰੌਸ਼ਨ ਪਾਠਕ ਜੀ ਦੀ ਦਿਸ਼ਾ ਨਿਰਦੇਸ਼ਾਂ ਤਹਿਤ ਉੱਤਰੀ ਭਾਰਤ ਜ਼ੋਨ ਦੇ ਪ੍ਰਧਾਨ ਡਾ. ਕਮਲਜੀਤ ਟਿੱਬਾ ਦੀ ਅਗਵਾਈ ਹੇਠ ਸ਼ੇਰਪੁਰ ਵਿਖੇ ਵੱਖ ਵੱਖ ਥਾਵਾਂ ਤੇ ਛਾਂਦਾਰ ਅਤੇ ਫ਼ਲਦਾਰ ਬੂਟੇ ਲਗਾਏ ਗਏ। "ਵਾਤਾਵਰਨ ਬਚਾਓ ਮੁਹਿੰਮ ਤਹਿਤ" ਕੋਹਿਪ ਕੈਨੇਡਾ ਦੀ ਸਮੁੱਚੀ ਟੀਮ ਵੱਲੋਂ ਸ਼ੇਰਪੁਰ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅਤੇ ਪੰਜਾਹ ਫੁੱਟੀ ਸੜਕ ਉੱਤੇ ਸੁਹਾਂਞਣਾ, ਨਿੰਮ,ਅਰਜਨ,ਦੇਸੀ ਅਮਰੂਦ, ਡੇਕ, ਝਕਰੰਡਾ, ਤੁਣ, ਚਕਰੇਸੀਆ ਤੇ ਮੌਲਸਰੀ ਆਦਿ ਕਿਸਮਾਂ ਦੇ ਪੌਦੇ ਲਗਾ ਕੇ ਉਨ੍ਹਾਂ ਦੀ ਸਾਂਭ ਸੰਭਾਲ ਕਰਨ ਦਾ ਅਹਿਦ ਕੀਤਾ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੰਸਥਾ ਦੇ ਆਗੂ ਡਾ. ਕਮਲਜੀਤ ਸਿੰਘ ਟਿੱਬਾ ਨੇ ਕਿਹਾ ਕਿ ਵਾਤਾਵਰਨ ਵਿੱਚ ਵੱਧ ਰਹੇ ਪ੍ਰਦੂਸ਼ਣ ਦੇ ਪ੍ਰਭਾਵ ਨਾਲ ਮਨੁੱਖ ਅਨੇਕਾਂ ਤਰ੍ਹਾਂ ਦੀਆਂ ਬਿਮਾਰੀਆਂ ਤੋਂ ਗ੍ਰਸਤ ਹੋ ਰਿਹਾ ਹੈ,ਇਸ ਲਈ ਵਾਤਾਵਰਨ ਦੀ ਸਾਂਭ ਸੰਭਾਲ ਅਤੇ ਸ਼ੁੱਧਤਾ ਲਈ ਸਮਾਜਿਕ ਸੰਸਥਾਵਾਂ ਵੱਲੋਂ ਲੋੜੀਂਦੇ ਉਪਰਾਲੇ ਕੀਤੇ ਜਾਣੇ ਚਾਹੀਦੇ ਹਨ।ਕੋਹਿਪ ਕੈਨੇਡਾ ਦੇ ਮੀਡੀਆ ਇੰਚਾਰਜ ਕੁਲਵੰਤ ਸਿੰਘ ਟਿੱਬਾ ਨੇ ਕਿਹਾ ਕਿ ਸਾਡੀ ਸੰਸਥਾ ਵਲੋਂ ਚੇਅਰਮੈਨ ਸ੍ਰੀ ਰੌਸ਼ਨ ਪਾਠਕ ਜੀ ਦੀ ਅਗਵਾਈ ਹੇਠ ਅੱਜ ਵੱਖ ਵੱਖ ਮੁਲਕਾਂ ਅਤੇ ਸੂਬਿਆਂ ਵਿੱਚ ਇੱਕੋ ਦਿਨ ਇੱਕੋ ਸਮੇਂ ਵਾਤਾਵਰਨ ਦੀ ਸਾਂਭ ਸੰਭਾਲ ਲਈ ਪੌਦੇ ਲਗਾਉਣ ਦੀ ਮੁਹਿੰਮ ਰਾਹੀਂ ਵੱਖ ਵੱਖ ਸ਼ਹਿਰਾਂ ਅਤੇ ਕਸਬਿਆਂ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਪੌਦੇ ਲਗਾਏ ਜਾ ਰਹੇ ਹਨ। ਇਸ ਮੌਕੇ ਸੰਸਥਾ ਦੇ ਮੀਡੀਆ ਇੰਚਾਰਜ ਕੁਲਵੰਤ ਸਿੰਘ ਟਿੱਬਾ, ਗੁਰਮੇਲ ਸਿੰਘ ਗਰੇਵਾਲ,ਕਮਲਜੀਤ ਸਿੰਘ ਜਲੂਰ,ਹਰਵਿੰਦਰ ਸਿੰਘ ਸਰਾਂ, ਹੰਸ ਰਾਜ ਬਾਵਾ ਕਾਤਰੋਂ, ਕੁਮਾਰ ਜੀਵਨ ਸ਼ੇਰਪੁਰ, ਇੰਦਰਜੀਤ ਸਿੰਘ ਕੌਸ਼ਲ,ਮਨਜੀਤ ਸਿੰਘ ਥਿੰਦ, ਗੁਰਵਿੰਦਰ ਸਿੰਘ ਗਰੇਵਾਲ, ਯਾਦਵਿੰਦਰ ਸਿੰਘ, ਮੈਡਮ ਰਜਿੰਦਰ ਕੌਰ ਗਰੇਵਾਲ, ਮੈਡਮ ਪਰਮਜੀਤ ਕੌਰ ਥਿੰਦ ਆਦਿ ਆਗੂ ਵੀ ਹਾਜਰ ਸਨ।

# ਪਿੰਗਲਾ ਆਸ਼ਰਮ ਸਨੌਰ ਦੀ 39ਵੀ ਵਰ੍ਹੇਗੰਢ ਮੌਕੇ 11 ਲੋੜਵੰਦ ਲੜਕੀਆਂ ਦੇ ਆਨੰਦ ਕਾਰਜ ਕਰਵਾਏ



**ਪਟਿਆਲਾ/ਸਨੌਰ/ਇਕਬਾਲ ਸਿੰਘ**

ਪ੍ਰਸਿੱਧ ਸਮਾਜ ਸੇਵੀ ਸੰਸਥਾਂ ਆਲ ਇੰਡੀਆ ਪਿੰਗਲਾ ਆਸ਼ਰਮ ਸਨੌਰ ਵਿਖੇ 39ਵਾਂ ਸਥਾਪਨਾ ਦਿਵਸ ਬੜੇ ਧੂਮ ਧਾਮ ਦੇ ਨਾਲ ਮਨਾਇਆ ਗਿਆ ਇਸ ਮੌਕੇ ਤੇ ਆਸ਼ਰਮ ਦੇ ਆਸ਼ਰਿਤਾਂ ਦੇ ਲਈ ਵੱਖ ਵੱਖ ਤਰਾ ਦੇ ਪਕਵਾਨ ਬਣਾਏ ਗਏ ਤੇ ਉਹਨਾਂ ਨੂੰ ਭੰਗੜੇ ਦੀ ਤਾਲ ਤੇ ਨਚਾਇਆ ਗਿਆ। ਹਰ ਸਾਲ ਦੀ ਤਰਾਂ ਇਸ ਮੌਕੇ ਤੇ ਇਸ ਵਾਰ ਵੀ 11 ਲੋੜਵੰਦ ਪਰਿਵਾਰਾਂ ਦੀਆਂ ਲੜਕੀਆਂ ਦੇ ਵਿਆਹ ਕੀਤੇ ਗਏ ਤੇ ਉਹਨਾਂ ਨੂੰ ਗ੍ਰਹਿਸਥ ਦੇ ਨਿਰਵਾਹ ਦੇ ਲਈ ਘਰੇਲੂ ਜਰੂਰਤਾਂ ਦਾ ਜਰੂਰੀ ਵੀ ਸਮਾਨ ਦਿੱਤਾ ਗਿਆ। ਇਸ ਮੌਕੇ ਤੇ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਪੰਟ ਅਖੰਡ ਪਾਠ ਸਾਹਿਬ ਦੀਆ ਲੜੀਆਂ ਦੇ ਭੋਗ ਪਾਏ ਗਏ ਤੇ ਅਕਾਲ ਪੁਰਖ ਅੱਗੇ ਸ਼ੁਕਰਾਨਾ ਕਰਦਿਆਂ ਆਸ਼ਰਮ ਦੇ ਆਸ਼ਰਿਤਾਂ ਤੇ ਸਰਬੱਤ ਦੇ ਭਲੇ ਦੇ ਲਈ ਅਰਦਾਸ ਕੀਤੀ ਗਈ।

ਇਸ ਮੌਕੇ ਤੇ ਸੰਤ ਬਾਬਾ ਬਲਬੀਰ ਸਿੰਘ ਨੇ ਹਾਜ਼ਰ ਸੰਗਤ ਨੂੰ ਪ੍ਰਵਚਨ ਕਰਦਿਆ ਕਿਹਾ ਕਿ ਔਰਤ ਕਿਸੇ ਵੀ ਸਮਾਜ ਤੇ ਦੇਸ਼ ਦੀ ਜਨਨੀ ਹੋਣ ਦੇ ਨਾਲ ਨਾਲ ਉਸ ਸਮਾਜ ਦਾ ਚਰਿੱਤਰ ਨਿਰਮਾਣ ਵੀ ਕਰਦੀ ਹੈ ਜਿਸ ਸਮਾਜ 'ਚ ਔਰਤ ਦਾ ਸਨਮਾਨ ਹੁੰਦਾ ਹੈ ਉਹ ਸਮਾਜ ਹੀ ਗੌਰਵਮਈ ਇਤਿਹਾਸ ਦੀ ਸਿਰਜਣਾ ਕਰਦਾ ਹੈ। ਇਸ ਲਈ ਸਾਨੂੰ ਸਮਾਜਸੇਵੀ ਸੰਸਥਾਂਵਾਂ ਨੂੰ ਔਰਤਾਂ ਦੇ ਸਰਬਪੱਖੀ ਵਿਕਾਸ ਦੇ ਲਈ ਹਰ ਤਰਾਂ ਨਾਲ ਵਿਸ਼ੇਸ ਉਪਰਾਲੇ ਕਰਨੇ ਚਾਹੀਦੇ ਹਨ। ਇਸ ਲਈ ਉਹਨਾਂ ਨੇ ਸਮਾਜ ਸੇਵੀ ਸੰਸਥਾਂਵਾਂ ਨੂ ਅਪੀਲ ਕੀਤੀ ਕਿ ਉਹ ਔਰਤਾਂ ਨੂੰ ਕਿੱਤਾਮੁੱਖੀ ਸਿਖਲਾਈ ਦੇਣ ਅਤੇ ਉਹਨਾਂ ਨੂੰ ਰੋਜ਼ਗਾਰ ਨਾਲ ਸਬੰਧਿਤ ਔਜ਼ਾਰ ਤੇ ਸਮਾਨ ਦ ਸਹਿਯੋਗ ਦੇਣ ਦੀ ਅਪੀਲ ਵੀ ਕੀਤੀ।

ਇਸ ਮੌਕੇ ਤੇ ਸੰਤ ਬਾਬਾ ਸੁਖਦੇਵ ਸਿੰਘ ਨਾਨਕਸਰ ਵਾਲੇ, ਸੰਤ ਬਾਬਾ ਸ਼ਿਕੰਦਰ ਸਿੰਘ ਰਾਏਪੁਰ ਮੰਡਲਾਂ ਵਾਲੇ, ਭਾਈ ਸੁਖਦੇਵ ਸਿੰਘ ਸਾਬਕਾ ਹੈੱਡ ਗ੍ਰੰਥੀ ਦੁਖਨਿਵਾਰਨ ਸਾਹਿਬ ਪਟਿਆਲਾ ਵਾਲੇ, ਸੰਤ ਜੈਮਲ ਸਿੰਘ ਦੁੱਧਾਧਾਰੀ ਅਲੀਪੁਰ ਰਾਈਆਂ ਵਾਲੇ, ਜਥੇਦਾਰ ਮੋਹਣ ਸਿੰਘ ਕਰਤਾਰਪੁਰ ਚੌਰਾਸੌ ਪ੍ਰਧਾਨ ਪੰਜਾਬ ਸਿੱਖ ਕੌਂਸਲ, ਜਥੇਦਾਰ ਜਗਦੇਵ ਸਿੰਘ ਤੇਜਾਂ, ਸਮਾਜ ਸੇਵਕ ਮਨਜੀਤ ਸਿੰਘ ਚੌਹਾਨ ਸਨੌਰ, ਜਥੇਦਾਰ ਉਮਰਾਓ ਸਿੰਘ ਤਲਵਾੜਾ, ਡੀ ਐੱਸ ਪੀ (ਆਰ) ਸੁਖਮਿੰਦਰ ਸਿੰਘ ਚੌਹਾਨ, ਐੱਸ ਐੱਚ ਓ ਸਦਰ ਥਾਨਾ ਸ੍ਰ ਗੁਰਚਰਨ ਸਿੰਘ ਵੜੈਚ, ਐੱਸ ਐੱਚ ਓ ਥਾਣਾ ਸਨੌਰ ਸ੍ਰ ਅਮਰੀਕ ਸਿੰਘ ਵੀ ਵਿਸ਼ੇਸ ਤੌਰ ਤੇ ਪੁੱਜੇ ਅਤੇ ਸਮਾਗਮ ਚ ਸਹਿਯੋਗ ਦੇਣ ਦੇ ਨਾਲ ਨਾਲ ਵਿਵਾਹਿਤ ਜੋੜਿਆਂ ਨੂੰ ਆਸ਼ੀਰਵਾਦ ਦਿੱਤਾ। ਸਮਾਗਮ ਦੀ ਸਮਾਪਤੀ ਸਮੇਂ ਸੰਤ ਬਾਬਾ ਬਲਬੀਰ ਸਿੰਘ ਮੁਖੀ ਪਿੰਗਲਾ ਆਸ਼ਰਮ ਸਨੌਰ ਨੇ ਉਪਰੋਕਤ ਸਹਿਯੋਗੀ ਸੱਜਣਾ ਦਾ ਧੰਨਵਾਦ ਕਰਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਖਸ਼ਿਸ ਸਿਰੋਪਾਓ ਸਾਹਿਬ ਦੇ ਕੇ ਸਨਮਾਨਿਤ ਕੀਤਾ।

# ਜਲੰਧਰ : ਸ਼ਿਵ ਨਗਰ 'ਚ ਸਕਿਓਰਿਟੀ ਗਾਰਡ ਨੇ ਆਪਣੀ ਪਤਨੀ ਸਮੇਤ ਸੱਸ-ਸਹੁਰੇ ਦਾ ਗੋਲੀਆਂ ਮਾਰ ਕੇ ਕੀਤਾ ਕਤਲ



**ਜਲੰਧਰ/ਸੰਜੇ ਰਾਜਪੂਤ**

ਜਲੰਧਰ ਤੋਂ ਇਸ ਸਮੇਂ ਵੱਡੀ ਖਬਰ ਸਾਹਮਣੇ ਆ ਰਹੀ ਹੈ। ਜਾਣਕਾਰੀ ਮੁਤਾਬਕ ਨਾਗਰਾ ਫਾਟਕ ਨੇੜੇ ਸ?ਿਵ ਨਗਰ ਦੀ ਗਲੀ ਨੰਬਰ ਪੰਜ 'ਚ ਪਰਿਵਾਰਕ ਝਗੜੇ 'ਚ ਇਕ ਵਿਅਕਤੀ ਵੱਲੋਂ ਗੋਲੀਆਂ ਮਾਰ ਕੇ ਤਿੰਨ ਵਿਅਕਤੀਆਂ ਦਾ ਕਤਲ ਕਰ ਦਿੱਤਾ ਗਿਆ ਹੈ। ਮੁਲਜਮ ਸੁਨੀਲ ਨੇ ਲਾਇਸੈਂਸੀ ਰਿਵਾਲਵਰ ਨਾਲ ਕਤਲ ਕੀਤਾ ਹੈ। ਸੂਤਰਾਂ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਮੁਲਜਮ ਸਕਿਓਰਿਟੀ ਗਾਰਡ ਦਾ ਕੰਮ ਕਰਦਾ ਹੈ। ਮ੍ਰਿਤਕਾਂ 'ਚ ਸੁਨੀਲ ਦੀ ਪਤਨੀ, ਸੱਸ ਅਤੇ ਸਹੁਰਾ ਵੀ ਸਾਮਲ ਦੱਸੇ ਜਾਂਦੇ ਹਨ। ਪੁਲਸ ਨੇ ਦੋਸ਼ੀ ਨੂੰ ਗ੍ਰਿਫਤਾਰ ਕਰ ਲਿਆ ਹੈ ਅਤੇ ਨਾਲ ਹੀ ਰਿਵਾਲਵਰ ਨੂੰ ਜਬਤ ਕਰ ਲਿਆ ਹੈ। ਦੋਸ਼ੀ ਨੇ ਆਪਣਾ ਜੁਰਮ ਵੀ ਕਬੂਲ ਕਰ ਲਿਆ ਹੈ।

# ਭਾਰਤੀ ਕਿਸਾਨ ਯੂਨੀਅਨ ਬਹਿਰੂ ਗਰੁੱਪ ਦੀ ਮੀਟਿੰਗ ਹੋਈ



**ਧਰਮਕੋਟ/ਦਵਿੰਦਰ ਸਿੰਘ ਬਿੱਟੂ**

ਗੁਰਦੁਆਰਾ ਸਿੰਘ ਸਭਾ ਧਰਮਕੋਟ ਵਿਖੇ ਮੇਜਰ ਸਿੰਘ ਦਬੁਰਜੀ ਦੀ ਪ੍ਰਧਾਨਗੀ ਹੇਠ ਇਕ ਅਹਿਮ ਮੀਟਿੰਗ ਹੋਈ। ਮੀਟਿੰਗ ਦੌਰਾਨ ਕੌਮੀ ਪ੍ਰਧਾਨ ਸਤਨਾਮ ਸਿੰਘ ਬਹਿਰੂ ਅਵਤਾਰ ਸਿੰਘ ਧੂੰਦਾ ਪ੍ਰੈੱਸ ਸੈਕਟਰੀ ਪੰਜਾਬ, ਗੁਰਮੇਲ ਸਿੰਘ ਜਨਰਲ ਸੈਕਟਰੀ ਪੰਜਾਬ, ਭਜਨ ਸਿੰਘ ਖਜਾਨਚੀ ਜ਼ਿਲ੍ਹਾ ਮੋਗਾ, ਜਸਕਰਨ ਸਿੰਘ ਸੇਖੋਂ ਮੀਤ ਪ੍ਰਧਾਨ ਪੰਜਾਬ, ਗੁਰਸ਼ਰਨ ਸਿੰਘ ਕਾਹਲੋਂ ਬਲਾਕ ਪ੍ਰਧਾਨ ਧਰਮਕੋਟ ਅਤੇ ਅਨੇਕਾਂ ਕਿਸਾਨਾਂ ਨੇ ਭਾਗ ਲਿਆ । ਇਸ ਸਮੇਂ ਵੱਖ ਵੱਖ ਮੁੱਦਿਆਂ ਤੇ ਵਿਚਾਰ ਵਟਾਂਦਰਾ ਕਰਨ ਉਪਰੰਤ ਬੀਤੇ ਕੱਲ੍ਹ ਪੰਜਾਬੀ ਲੋਕ ਗਾਇਕ ਸਿੱਧੂ ਮੂਸੇਵਾਲਾ ਦਾ ਗੈਂਗਸਟਰਾਂ ਵੱਲੋਂ ਦਿਨ ਦਿਹਾੜੇ ਕਤਲ ਕੀਤਾ ਗਿਆ ਇਸ ਘਟਨਾ ਦੀ ਇੰਡੀਅਨ ਫਾਰਮਰਜ਼ ਐਸੋਸੀਏਸ਼ਨ ਨੇ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ। ਉਨ੍ਹਾਂ ਆਖਿਆ ਕਿ ਇਹ ਬਹੁਤ ਹੀ ਮੰਦਭਾਗੀ ਘਟਨਾ ਵਾਪਰੀ ਹੈ। ਉਨ੍ਹਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਇਸ ਘਟਨਾ ਨੂੰ ਅੰਜਾਮ ਦੇਣ ਤੇ ਸਾਜ?ਿਸ਼ ਘੜਨ ਵਾਲੇ ਮੁਜਰਮਾਂ ਨੂੰ ਲੱਭ ਕੇ ਸਖ਼ਤ ਤੋਂ ਸਖ਼ਤ ਸਜ਼ਾਵਾਂ ਦਿੱਤੀਆਂ ਜਾਣ ਤਾਂ ਕਿ ਪਰਿਵਾਰ ਨੂੰ ਇਨਸਾਫ ਮਿਲ ਸਕੇ ਤੇ ਲੋਕਾਂ ਵਿਚ ਕਾਨੂੰਨ ਪ੍ਰਤੀ ਵਿਸ਼ਵਾਸ ਬਣਿਆ ਰਹੇ।

ਇਸ ਮੌਕੇ ਜਥੇਬੰਦੀ ਵੱਲੋਂ ਮੰਗ ਕੀਤੀ ਗਈ ਕੇ ਪੀ ਐੱਸ ਪੀ ਸੀ ਐਲ ਦੇ ਚੇਅਰਮੈਨ ਪੰਜਾਬ ਨੂੰ ਖੇਤਾਂ ਵਾਲੀ ਬਿਜਲੀ ਦੀ ਨਿਰਵਿਘਨ ਸਪਲਾਈ ਦਿੱਤੀ ਜਾਵੇ ਢਿੱਲੀਆਂ ਤਾਰਾਂ, ਟੇਡੇ ਮੇਢੇ ਖੰਭੇ, ਤੇ ਖਰਾਬ ਅਤੇ ਓਵਰਲੋਡ ਟ੍ਰਾਂਸਫ਼ਾਰਮਰਾਂ ਨੂੰ ਸੀਜ਼ਨ ਤੋਂ ਪਹਿਲਾਂ ਦਰੁਸਤ ਕੀਤਾ ਜਾਵੇ। ਉਨ੍ਹਾਂ ਕਿਸਾਨ ਸਰਬ ਪਾਰਟੀ ਮੀਟਿੰਗ ਅੱਠ ਜੂਨ ਨੂੰ ਦਿੱਲੀ ਵਿਖੇ ਹੋਣ ਜਾ ਰਹੀ ਹੈ ਜਿਸ ਵਿੱਚ ਕਿਸਾਨੀ ਮੰਗਾਂ ਨਾਲ ਜੁੜੇ ਮਸਲੇ ਵਿਚਾਰੇ ਜਾਣਗੇ ਤੇ ਅਗਲੀ ਰਣਨੀਤੀ ਤੈਅ ਕੀਤੀ ਜਾਵੇਗੀ । ਇਸ ਮੌਕੇ ਵੱਡੀ ਗਿਣਤੀ ਵਿੱਚ ਕਿਸਾਨ ਆਗੂ ਹਾਜਰ ਸਨ ।

# ਪੰਜਾਬ ਦੇ ਡਿਪੂ ਹੋਲਡਰ ਹੁਣ ਹੋਂਦ ਬਚਾਉਣ ਲਈ ਇੱਕ ਜੂਨ ਤੋਂ ਮੁੱਖ ਮੰਤਰੀ ਦੀ ਕੋਠੀ ਅੱਗੇ ਲਗਾਉਣਗੇ ਪੱਕਾ ਧਰਨਾ

**ਮੋਗਾ/ਦਵਿੰਦਰ ਸਿੰਘ ਬਿੱਟੂ**

ਦੇਸ਼ ਦੀ ਆਜਾਦੀ ਤੋਂ ਬਾਅਦ ਹੋਂਦ ਵਿੱਚ ਆਏ ਰਾਸ਼ਨ ਵੰਡਣ ਵਾਲੇ ਡਿਪੂਆਂ ਦੀ ਹੁਣ ਪੰਜਾਬ ਸਰਕਾਰ ਵੱਲੋਂ ਬਣਾਈ ਗਈ ਇਕ ਸਕੀਮ ਤਹਿਤ ਉਨ੍ਹਾਂ ਦੀ ਹੋਂਦ ਨੂੰ ਹੀ ਖ਼ਤਰਾ ਪੈਦਾ ਹੋ ਗਿਆ ਹੈ ਕਿਉਂਕਿ ਹੁਣ ਕਣਕ ਦੀ ਥਾਂ ਘਰ ਘਰ ਆਟੇ ਦੀ ਸਪਲਾਈ ਦੇਣ ਤੇ ਪੰਜਾਬ ਸਰਕਾਰ ਵੱਲੋਂ ਇਕ ਸਕੀਮ ਬਣਾਈ ਗਈ ਹੈ ਜਿਸ ਨੂੰ ਉਪਭੋਗਤਾ ਵੱਲੋਂ ਪਹਿਲਾਂ ਤੋਂ ਹੀ ਮੁੱਢੋਂ ਹੀ ਰੱਦ ਕਰ ਦਿੱਤਾ ਗਿਆ ਹੈ ਕਿਉਂਕਿ ਇਸ ਤਰ੍ਹਾਂ ਦੀ ਮੰਗ ਉਨ੍ਹਾਂ ਵੱਲੋਂ ਕਦੇ ਕੀਤੀ ਹੀ ਨਹੀਂ ਗਈ।ਡਿਪੂ ਹੋਲਡਰਾਂ ਅਤੇ ਉਪਭੋਗਤਾ ਦਾ ਕਹਿਣਾ ਹੈ ਕਿ ਕਣਕ ਨੂੰ ਤਾਂ ਕੁਝ ਸਮੇਂ ਲਈ ਬਚਾਇਆ ਜਾ ਸਕਦਾ ਹੈ ਪ੍ਰੰਤੂ ਆਟੇ ਵਿੱਚ ਤਾਂ ਇੱਕ ਹਫ਼ਤੇ ਬਾਅਦ ਹੀ ਸੁੰਡੀਆਂ ਪੈਣੀਆਂ ਸ਼ੁਰੂ ਹੋ ਜਾਂਦੀਆਂ ਹਨ ।ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਰਾਸ਼ਨ ਡਿਪੂ ਹੋਲਡਰ ਫੈਡਰੇਸ਼ਨ ਪੰਜਾਬ ਦੇ ਬਲਾਕ ਕੋਟ ਈਸੇ ਖਾਂ ਦੇ ਪ੍ਰਧਾਨ ਨਿਰਮਲ ਸਿੰਘ ਕਾਲੜਾ ਅਤੇ ਜਨਰਲ ਸਕੱਤਰ ਬਖਸ਼ੀਸ਼ ਸਿੰਘ ਰਾਮਗੜ੍ਹ ਵੱਲੋਂ ਸਾਂਝੇ ਤੌਰ ਤੇ ਪੱਤਰਕਾਰਾਂ ਕੋਲ ਕੀਤਾ ਗਿਆ ਜਿੰਨਾ ਨਾਲ ਇਸ ਵਕਤ ਜਨਕ ਰਾਜ ਫਤਿਹਗੜ੍ਹ ਪੰਜਤੂਰ, ਦਲੇਰ ਮਾਲਵਾ ਵਿੱਤ ਸਕੱਤਰ,ਬਲਜੀਤ ਸਿੰਘ ਸੋਹੀ, ਚੰਨਣ ਸਿੰਘ ਜਾਫਰ ਵਾਲਾ, ਇੰਦਰਜੀਤ ਸਿੰਘ, ਮਨਜਿੰਦਰ ਸਿੰਘ' ਲਖਵੀਰ ਸਿੰਘ ਗਗੜਾ, ਗੁਰਦਰਸ਼ਨ ਸਿੰਘ ਚੀਮਾ, ਮਨਜਿੰਦਰ ਸਿੰਘ ਅਤੇ ਹਰਪ੍ਰੀਤ ਸਿੰਘ ਵੀ ਹਾਜਰ ਸਨ।ਇਸ ਸੰਬੰਧੀ ਜਦੋਂ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਕਾਝਲਾ ਨਾਲ ਉਨ੍ਹਾਂ ਦੇ ਫੋਨ ਤੇ ਗੱਲ ਕੀਤੀ ਗਈ ਤਾਂ ਉਨ੍ਹਾਂ ਹੈਰਾਨੀ ਭਰੇ ਤੱਥਾਂ ਦੀ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਇਹ ਪਹਿਲੀ ਵਾਰ ਹੋਇਆ ਹੈ ਜਦੋਂ 1955 ਤੋਂ ਡੀਪੂ ਹੋਲਡਰਾਂ ਦੀ ਹੋਂਦ ਖ਼ਤਰੇ ਵਿੱਚ ਪੈਣ ਜਾ ਰਹੀ ਹੈ ਕਿਉਂਕਿ ਮਾਨ ਸਰਕਾਰ ਹੁਣ ਘਰ ਘਰ ਆਟਾ ਵੰਡਣ ਦੀ ਸਕੀਮ ਤਹਿਤ ਇਹ ਕੰਮ ਮਾਰਕਫੈੱਡ ਨੂੰ ਦੇਣ ਜਾ ਰਹੀ ਹੈ ਜੋ ਕਿ ਦੋ ਅਕਤੂਬਰ ਤੋਂ ਆਪਣਾ ਕੰਮ ਸ਼ੁਰੂ ਕਰਨ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਜਿਥੇ ਇਸ ਨਾਲ ਇੱਕ ਪਾਸੇ ਹਜਾਰਾਂ ਹੀ ਡੀਪੂ ਹੋਲਡਰ ਵਿਹਲੇ ਹੋ ਜਾਣਗੇ ਉੱਥੇ ਇਸ ਦੇ ਨਾਲ ਜੁੜੇ ਕਈ ਹੋਰ ਕਾਰੋਬਾਰ ਜੋ ਕਰੀਬ ਲੱਖ ਸਵਾ ਲੱਖ ਤੋਂ ਉੱਪਰ ਹਨ ਦਾ ਵੀ ਰੁਜਗਾਰ ਖੁੱਸ ਜਾਵੇਗਾ।ਉਨ੍ਹਾਂ ਕਿਹਾ ਕਿ ਹਰੇ ਪੈੱਨ ਰਾਹੀਂ ਰੁਜਗਾਰ ਦੇਣ ਵਾਲੀ ਸਰਕਾਰ ਤਾਂ ਪਹਿਲਾਂ ਮਿਲੇ ਹੋਏ ਰੁਜ਼ਗਾਰਾਂ ਨੂੰ ਵੀ ਖੋਹਣ ਤੱਕ ਜਾ ਰਹੀ ਹੈ। ਇਸ ਤਰ੍ਹਾਂ ਆਪਣੀ ਹੋਂਦ ਨੂੰ ਬਚਾਉਣ ਅਤੇ ਘਰ ਘਰ ਆਟਾ ਪਹੁੰਚਾਉਣ ਦੀ ਸਕੀਮ ਨੂੰ ਰੱਦ ਕਰਾਉਣ ਦੇ ਨਾਲ ਨਾਲ ਹੋਰ ਮੰਗਾਂ ਨੂੰ ਲੈ ਕੇ ਇੱਕ ਜੂਨ ਤੋਂ ਸੰਗਰੂਰ ਵਿਖੇ ਮੁੱਖ ਮੰਤਰੀ ਦੀ ਕੋਠੀ ਅੱਗੇ ਰਾਸ਼ਨ ਡਿਪੂ ਹੋਲਡਰ ਫੈੱਡਰੇਸ਼ਨ ਪੰਜਾਬ , ਅਣਮਿੱਥੇ ਸਮੇਂ ਦਾ ਧਰਨਾ ਲਗਾਉਣ ਜਾ ਰਹੀ ਹੈ ਜਿਸ ਵਿਚ ਸਮੂਹ ਡੀਪੂ ਹੋਲਡਰ ਵੱਡੀ ਪੱਧਰ ਤੇ ਸ਼ਮੂਲੀਅਤ ਕਰਨਗੇ ।





# ਸੇਖਾ ਰੋਡ ਤੇ ਨਜਾਇਜ਼ ਗੁਦਾਮਾਂ ਦੀ ਉਸਾਰੀ ਵਿਰੁੱਧ ਸੰਘਰਸ਼ ਕਮੇਟੀ ਵੱਲੋਂ ਸੰਘਰਸ਼ ਦਾ ਬਿਗੁਲ ਐਸ.ਡੀ.ਐਮ ਵੱਲੋਂ ਸੰਘਰਸਸ਼ੀਲ ਜਥੇਬੰਦੀਆਂ, ਮਿਊਂਸਪਲ ਅਧਿਕਾਰੀਆਂ ਤੇ ਗੁਦਾਮ ਮਾਲਕਾਂ ਨਾਲ ਮੀਟਿੰਗ

## ਐਫ.ਸੀ.ਆਈ ਤੇ ਵੇਅਰ ਹਾਊਸ ਗੁਦਾਮਾਂ ਦੇ ਲੋਕ ਵਸੋਂ ਵਿਚ ਆਉਣ ਕਾਰਨ ਸੈਂਕੜੇ ਪ੍ਰੇਸ਼ਾਨੀਆਂ

**ਬਰਨਾਲਾ/ਕਰਨਪ੍ਰੀਤ ਧੰਦਾਰਲ**

ਲੰਬੇ ਸਮੇਂ ਤੋਂ ਸੇਖਾ ਰੋਡ ਨਜਾਇਜ਼ ਗੁਦਾਮਾਂ ਦੀ ਉਸਾਰੀ ਵਿਰੁੱਧ ਸੰਘਰਸ਼ ਕਮੇਟੀ ਵੱਲੋਂ ਨਜਾਇਜ਼ ਗੁਦਾਮਾਂ ਦੀ ਉਸਾਰੀ ਖਿਲਾਫ਼ ਸੰਘਰਸ਼ ਦਾ ਮਾਮਲਾ ਦਿਨੋ ਦਿਨ ਗੰਭੀਰ ਹੁੰਦਾ ਜਾ ਰਿਹਾ ਹੈ। ਸੋਮਵਾਰ ਨੂੰ ਐਸ.ਡੀ.ਐਮ ਬਰਨਾਲਾ ਵੱਲੋਂ ਸੰਘਰਸਸ਼ੀਲ ਜਥੇਬੰਦੀਆਂ, ਮਿਊਂਸਪਲ ਅਧਿਕਾਰੀਆਂ ਤੇ ਗੁਦਾਮ ਮਾਲਕਾਂ ਨਾਲ ਸਾਂਝੇ ਤੌਰ ‘ਤੇ ਆਪਣੇ ਦਫਤਰ ‘ਚ ਵਿਸਥਾਰਤ ਮੀਟਿੰਗ ਕੀਤੀ। ਇਸ ਮੀਟਿੰਗ ਬਾਰੇ ਜਾਣਕਾਰੀ ਦਿੰਦਿਆਂ ਸੰਘਰਸ਼ ਕਮੇਟੀ ਦੇ ਕਨਵੀਨਰ ਡਾ. ਰਜਿੰਦਰਪਾਲ , ਇਨਕਲਾਬੀ ਕੇਂਦਰ, ਪੰਜਾਬ ਦੇ ਸੂਬਾ ਪ੍ਰਧਾਨ ਨਰਾਇਣ ਦੱਤ ਨੇ ਦੱਸਿਆ ਕਿ ਮਿਊਂਸਪਲ ਅਧਿਕਾਰੀਆਂ ਵੱਲੋਂ ਗੁਦਾਮਾਂ ਦੀ ਨਜਾਇਜ਼ ਉਸਾਰੀ ਖਿਲਾਫ਼ ਨੋਟਿਸ ਜਾਰੀ ਹੋਣ ਤੋਂ ਬਾਅਦ ਵੀ ਟਿੱਚ ਨਾ ਜਾਣਦੇ ਹੋਏ ਮਨੁੱਖੀ ਜਿੰਦਗੀਆਂ ਦੀ ਪ੍ਰਵਾਹ ਕੀਤੇ ਵਗੈਰ ਧੜੱਲੇ ਨਾਲ ਸਬੰਧਤ ਵਪਾਰੀ ਸਮਾਨ ਸਟੋਰ ਕਰ ਰਿਹਾ ਹੈ। ਮੁਹੱਲਾ ਨਿਵਾਸੀਆਂ ‘ਚ ਇਸ ਹੈਂਕੜਬਾਜ ਵਪਾਰੀ ਖਿਲਾਫ਼ ਗੁੱਸਾ ਪਾਇਆ ਜਾ ਰਿਹਾ ਹੈ। ਬਰਨਾਲਾ ਸ਼ਹਿਰ ਅੰਦਰ ਵੱਖ ਵੱਖ ਰਿਹਾਇਸ਼ੀ ਇਲਾਕਿਆਂ ‘ਚ ਮਿਊਂਸਪਲ/ਪ੍ਰਸ਼ਾਸ਼ਨਿਕ ਅਧਿਕਾਰੀਆਂ ਦੀ ਕਥਿਤ ਮਿਲੀਭੁਗਤ ਨਾਲ ਵੱਡੇ ਵਪਾਰਕ



ਘਰਾਣਿਆਂ ਵੱਲੋਂ ਜੰਗੀ ਪੱਧਰ ‘ਤੇ ਗੁਦਾਮਾਂ ਦੀ ਨਜਾਇਜ਼ ਉਸਾਰੀ ਕੀਤੀ ਜਾ ਰਹੀ ਹੈ। ਬਹੁਤ ਸਾਰੇ ਗੁਦਾਮਾਂ ‘ਚ ਜਲਣਸ਼ੀਲ ((ਘਿਓ, ਤੇਲ, ਪਟਾਖੇ, ਤੰਬਾਕੂ, ਗੈਸ ਆਦਿ ) ਧੜੱਲੇ ਨਾਲ ਸਟੋਰ ਕੀਤਾ ਜਾ ਰਿਹਾ ਹੈ। ਅਜਿਹੇ ਗੁਦਾਮ ਪਾਸ ਕਰਨ ਵੇਲੇ ਮੁਹੱਲਾ ਨਿਵਾਸੀਆਂ ਤੇ ਵਪਾਰਕ ਗੁਦਾਮਾਂ ਦੀ ਉਸਾਰੀ ਸਬੰਧੀ ਸਰਕਾਰ ਦੀਆਂ ਹਦਾਇਤਾਂ ਨੂੰ ਅੱਖੋਂ ਪਰੋਖੇ ਕੀਤਾ ਜਾਂਦਾ ਹੈ। ਅਜਿਹੇ ਗੁਦਾਮ ਵਪਾਰਕ ਘਰਾਣਿਆਂ ਦੇ ਮੁਨਾਫ਼ੇ ਦਾ ਸਾਧਨ ਤਾਂ ਬਣ ਜਾਂਦੇ ਹਨ, ਪਰ ਉਸ ਮੁਹੱਲੇ ਦੇ ਬਸ਼ਿੰਦਿਆਂ ਦੀਆਂ ਜਿੰਦਗੀਆਂ ਦਾਅ ‘ਤੇ ਲਾ ਦਿੱਤੀਆਂ ਜਾਂਦੀਆਂ ਹਨ। ਮੀਟਿੰਗ ‘ਚ ਮੰਗ ਕੀਤੀ ਕਿ ਰਿਹਾਇਸ਼ੀ ਖੇਤਰ ‘ਚ ਵਪਾਰਕ ਗੁਦਾਮਾਂ ਦੀ ਉਸਾਰੀ ਬੰਦ ਕੀਤੀ ਜਾਵੇ, ਸੇਖਾ ਰੋਡ ਰਿਹਾਇਸ਼ੀ ਇਲਾਕੇ ‘ਚ ਗਲਤ ਢੰਗ ਨਾਲ ਨਕਸ਼ੇ ਪਾਸ ਕਰਕੇ ਵਪਾਰਕ ਗੁਦਾਮਾਂ ਦੀ ਉਸਾਰੀ ਕਰਨ ਵਾਲੇ ਮਿਊਂਸਪਲ ਅਧਿਕਾਰੀਆਂ ਖਿਲਾਫ਼ ਸਖਤ ਕਾਰਵਾਈ ਕੀਤੀ ਜਾਵੇ, ਰਿਹਾਇਸ਼ੀ ਖੇਤਰ ‘ਚ ਨਜਾਇਜ਼ ਉਸਾਰੇ ਵਪਾਰਕ ਗੁਦਾਮ ਢਾਹੇ ਜਾਣ। ਨਾਲ ਹੀ ਸੇਖਾ ਰੋਡ ਤੇ ਸਥਿਤ ਐਫ.ਸੀ.ਆਈ ਤੇ ਵੇਅਰ ਹਾਊਸ ਗੁਦਾਮਾਂ ਦੇ ਲੋਕ ਵਸੋਂ ਵਿਚ ਆਉਣ ਕਾਰਨ ਸੈਂਕੜੇ ਪ੍ਰੇਸ਼ਾਨੀਆਂ ਐਸਡੀਐਮ ਬਰਨਾਲਾ ਨਾਲ ਹੋਈ ਮੀਟਿੰਗ ‘ਚ ਸ਼ਾਮਿਲ ਆਗੂਆਂ ਅਮਰਜੀਤ ਕੌਰ,ਬਾਬੂ ਸਿੰਘ ਖੁੱਡੀਕਲਾਂ, ਹਰਚਰਨ ਚਹਿਲ, ਬਿੱਕਰ ਸਿੰਘ ਔਲਖ, ਖੁਸ਼ਮੰਦਰਪਾਲ, ਜਸਪਾਲ ਚੀਮਾ, ਨਰਿੰਦਰ ਪਾਲ ਸਿੰਗਲਾ, ਬਲਦੇਵ ਮੰਡੇਰ, ਰਕੇਸ਼ ਕੁਮਾਰ,ਬਲਵੰਤ ਸਿੰਘ,ਸੁਸ਼ੀਲ ਕੁਮਾਰ, ਸੁਖਦੇਵ ਸਿੰਘ, ਪਰਮਜੀਤ ਸਿੰਘ ਪੰਮਾ, ਪਰਮਿੰਦਰ ਕੌਰ, ਕਿਰਨਜੀਤ ਕੌਰ, ਬੂਟਾ ਸਿੰਘ,ਕਿਰਨ ਰਾਣੀ, ਜਸਪ੍ਰੀਤ ਸਿੰਘ,ਜਗਜੀਤ ਸਿੰਘ ਨੇ ਸਪਸ਼ਟ ਕੀਤਾ ਕਿ ਸਾਡੀ ਲੜਾਈ ਵਪਾਰੀ ਵਰਗ ਖਿਲਾਫ਼ ਨਹੀਂ ਹੈ, ਸਗੋਂ ਮਨੁੱਖੀ ਜ਼ਿੰਦਗੀਆਂ ਨੂੰ ਬਚਾਉਣ ਲਈ ਹੈ। ਐਸਡੀਐਮ ਬਰਨਾਲਾ ਵੱਲੋਂ ਮਿਊਂਸਪਲ ਅਧਿਕਾਰੀਆਂ ਨੂੰ ਪ੍ਰਦੂਸ਼ਨ ਕੰਟਰੋਲ ਬੋਰਡ ਪਾਸੋਂ ਅਜਿਹੇ ਜਲਣਸ਼ੀਲ ਪਦਾਰਥ ਰੱਖਣ ਲਈ ਉਸਾਰੇ ਗੁਦਾਮਾਂ ਵਾਸਤੇ ਲੋੜੀਦੀਆਂ ਹਦਾਇਤਾਂ 10 ਦਿਨਾਂ ਦੇ ਅੰਦਰ ਹਾਸਲ ਕਰਕੇ ਪੇਸ਼ ਕਰਨ ਦੀ ਹਦਾਇਤ ਕੀਤੀ। ਆਗੂਆਂ ਕਿਹਾ ਜੇਕਰ ਪ੍ਰਸ਼ਾਸ਼ਨ ਵਲੋਂ ਜਲਦ ਇਨਸਾਫ਼ ਨਾ ਮਿਲਣ ਤੱਕ ਸੰਘਰਸ਼ਸ਼ੀਲ ਜਥੇਬੰਦੀਆਂ ਸੇਖਾ ਰੋਡ ਸੰਘਰਸ਼ ਕਮੇਟੀ ਵੱਲੋਂ ਉਲੀਕੇ ਜਾਣ ਵਾਲੇ ਸੰਘਰਸ਼ ਦਾ ਪੂਰਨ ਰੂਪ ‘ਚ ਸਮਰਥਨ ਕਰਨਗੀਆਂ।

# ਧਰਤੀ ਹੇਠਲੇ ਪਾਣੀ ਨੂੰ ਬਚਾਉਣ ਲਈ ਅਤੇ ਖਰਚਾ ਘਟਾਉਣ ਲਈ ਝੋਨੇ ਦੀ ਸਿੱਧੀ ਬਿਜਾਈ ਕਿਸਾਨਾਂ ਲਈ ਬੇਹਤਰ ਬਦਲ:- ਸੰਯੁਕਤ ਡਾਇਰੈਕਟਰ ਡਾ. ਅਵਤਾਰ ਸਿੰਘ



**ਸ਼ਹੀਦ ਭਗਤ ਸਿੰਘ ਨਗਰ/ਲੋਕ ਬਾਣੀ**

ਪੰਜਾਬ ਸਰਕਾਰ ਦੇ ਮੁੱਖ ਮੰਤਰੀ ਸ੍ਰੀ ਭਗਵੰਤ ਮਾਨ ਵੱਲੋਂ ਚਲਾਏ ਗਏ ‘ਪਾਣੀ ਬਚਾਓ ਪੰਜਾਬ ਬਚਾਓ’ ਅਭਿਆਨ ਤਹਿਤ ਝੋਨੇ ਦੀ ਸਿੱਧੀ ਬਿਜਾਈ ਨੂੰ ਉਤਸ਼ਾਹਿਤ ਕਰਨ ਲਈ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੇ ਸੰਯੁਕਤ ਡਾਇਰੈਕਟਰ (ਘਣੀ ਖੇਤੀ) ਡਾ. ਅਵਤਾਰ ਸਿੰਘ ਵੱਲੋਂ ਮੁੱਖ ਖੇਤੀਬਾਡੀ ਅਫਸਰ ਸ਼ਹੀਦ ਭਗਤ ਸਿੰਘ ਨਗਰ ਦਾ ਦੌਰਾ ਕੀਤਾ ਗਿਆ। ਉਨ੍ਹਾਂ ਵੱਲੋਂ ਝੋਨੇ ਦੀ ਸਿੱਧੀ ਬਿਜਾਈ ਵਿੱਚ ਕੰਮ ਕਰ ਰਹੇ ਪਿੰਡ ਪੱਧਰੀ ਵੈਰੀਫਾਈਂਗ ਅਫਸਰਾਂ ਅਤੇ ਬਲਾਕ ਖੇਤੀਬਾੜੀ ਅਫਸਰਾਂ ਨਾਲ ਮੀਟਿੰਗ ਕੀਤੀ ਗਈ। ਉਨ੍ਹਾਂ ਵੱਲੋਂ ਦੱਸਿਆ ਗਿਆ ਕਿ ਪੰਜਾਬ ਸਰਕਾਰ ਦੇ ਪ੍ਰੋਗਰਾਮ ਪਾਣੀ ਬਚਾਓ ਪੰਜਾਬ ਬਚਾਓ ਤਹਿਤ ਝੋਨੇ ਦੀ ਸਿੱਧੀ ਬਿਜਾਈ ਲਈ ਵੱਧ ਤੋਂ ਵੱਧ ਕਿਸਾਨ ਇਸ ਤਕਨੀਕ ਨੂੰ ਅਪਨਾਉਣ ਅਤੇ ਝੋਨੇ ਦੀ ਸਿੱਧੀ ਬਿਜਾਈ ਕਰਨ ਵਾਲੇ ਕਿਸਾਨਾਂ ਨੂੰ 1500 ਰੁਪਏ ਪ੍ਰਤੀ ਏਕੜ ਦੀ ਰਾਸ਼ੀ ਵਿਭਾਗ ਦੇ ਪੋਰਟਲ : https://agrimachinerypb.com/home/DSR22/BB ਰਾਹੀਂ ਮੁਹੱਈਆ ਕਰਵਾਈ ਜਾਵੇਗੀ। ਉਨ੍ਹਾਂ ਵੱਲੋਂ ਸਾਰੇ ਕਿਸਾਨਾਂ ਨੂੰ ਅਪੀਲ ਕੀਤੀ ਗਈ ਕਿ ਜੋ ਕਿਸਾਨ ਝੋਨੇ ਦੀ ਸਿੱਧੀ ਬਿਜਾਈ ਦੀ ਤਕਨੀਕ ਅਪਣਾ ਰਹੇ ਹਨ, ਉਹ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਸ਼ਹੀਦ ਭਗਤ ਸਿੰਘ ਨਗਰ ਦੇ ਬਲਾਕ ਦਫ਼ਤਰਾਂ ਵਿੱਚ ਸੰਪਰਕ ਕਰਕੇ ਆਪਣੇ ਆਪ ਨੂੰ ਪੋਰਟਲ ’ਤੇ ਰਜਿਸਟਰ ਜ਼ਰੂਰ ਕਰਵਾਉਣ, ਜਿਸ ਨਾਲ ਉਨ੍ਹਾਂ ਨੂੰ ਸਰਕਾਰ ਵੱਲੋਂ ਵਿੱਤੀ ਸਹਾਇਤਾ ਦਿੱਤੀ ਜਾ ਸਕੇ। ਉਨ੍ਹਾਂ ਵੱਲੋਂ ਦੱਸਿਆ ਗਿਆ ਕਿ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿੱਚ ਝੋਨੇ ਦੀ ਸਿੱਧੀ ਬਿਜਾਈ ਹੇਠ 20,380 ਹੈਕਟੇਅਰ ਰਕਬਾ ਬੀਜਣ ਦਾ ਟੀਚਾ ਮਿੱਥਿਆ ਗਿਆ ਹੈ। ਉਨ੍ਹਾਂ ਵੱਲੋਂ ਪਿੰਡ ਸਹਿਬਾਜ਼ਪੁਰ ਵਿਖੇ ਝੋਨੇ ਦੀ ਸਿੱਧੀ ਬਿਜਾਈ ਕੀਤੇ ਗਏ ਪਲਾਟਾਂ ਦਾ ਨਿਰੀਖਣ ਵੀ ਕੀਤਾ ਗਿਆ। ਉਨ੍ਹਾਂ ਨੇ ਸਾਰੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਵੱਧ ਤੋਂ ਵੱਧ ਕਿਸਾਨ ਝੋਨੇ ਦੀ ਸਿੱਧੀ ਬਿਜਾਈ ਦੀ ਤਕਨੀਕ ਅਪਣਾਉਣ ਤਾਂ ਕਿ ਧਰਤੀ ਹੇਠਲੇ ਪਾਣੀ ਦੇ ਗਿਰਦੇ ਪੱਧਰ ਨੂੰ ਰੋਕਿਆ ਜਾ ਸਕੇ। ਇਸ ਮੌਕੇ ’ਤੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਮੁੱਖ ਖੇਤੀਬਾੜੀ ਅਫਸਰ ਡਾ. ਰਾਜ ਕੁਮਾਰ ਅਤੇ ਖੇਤੀਬਾੜੀ ਵਿਭਾਗ, ਬਾਗਬਾਨੀ ਵਿਭਾਗ, ਭੂਮੀ ਰੱਖਿਆ ਵਿਭਾਗ ਅਤੇ ਪੰਜਾਬ ਮੰਡੀ ਬੋਰਡ ਦੇ ਅਧਿਕਾਰੀ ਵੀ ਹਾਜ਼ਰ ਸਨ।

# ਨੰਬਰਦਾਰ ਬਲਵਿੰਦਰ ਸਿੰਘ ਮਿੱਠੂ ਕਿਸਾਨ ਯੂਨੀਅਨ ਉਗਰਾਹਾਂ ਸ਼ੇਰਪੁਰ ਦੇ ਪ੍ਰਧਾਨ ਬਣੇ

## ਪ੍ਰਿੰਸੀਪਲ ਦਲਬੀਰ ਸਿੰਘ ਗਰੇਵਾਲ ਸਕੱਤਰ ਬਣੇ



**ਸ਼ੇਰਪੁਰ/ਯਾਦਵਿੰਦਰ ਸਿੰਘ ਮਾਹੀ**

ਕਸਬਾ ਸ਼ੇਰਪੁਰ ਦੇ ਵਿਚ ਕਿਸਾਨ ਯੂਨੀਅਨ ਦੀ ਇਕ ਮੀਟਿੰਗ ਗੁਰਦੁਆਰਾ ਨਾਨਕਸਰ ਸਾਹਿਬ ਬਡੀ ਰੋਡ ਸ਼ੇਰਪੁਰ ਵਿਖੇ ਕੀਤੀ ਗਈ ਜਿਸ ਵਿਚ ਕਸਬਾ ਸ਼ੇਰਪੁਰ ਅਤੇ ਪੱਤੀ ਖਲੀਲ ਦੇ ਕਿਸਾਨਾਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ । ਮੀਟਿੰਗ ਵਿਚ ਕਿਸਾਨ ਯੂਨੀਅਨ ਉਗਰਾਹਾਂ ਦੀ ਚੋਣ ਸਰਬਸੰਮਤੀ ਨਾਲ ਕੀਤੀ ਗਈ ਜਿਸ ਵਿਚ ਬਲਵਿੰਦਰ ਸਿੰਘ ਨੰਬਰਦਾਰ ਪੰਚਾਇਤ ਮੈਂਬਰ ਸੇਰਪੁਰ ਸਰਬਸੰਮਤੀ ਸ਼ੇਰਪੁਰ ਇਕਾਈ ਦੇ ਪ੍ਰਧਾਨ ਅਤੇ ਪ੍ਰਿੰਸੀਪਲ ਦਲਬੀਰ ਸਿੰਘ ਗਰੇਵਾਲ ਨੂੰ ਸਰਬਸੰਮਤੀ ਨਾਲ ਜਨਰਲ ਸਕੱਤਰ ਚੁਣਿਆ ਗਿਆ ।ਮੀਟਿੰਗ ਦੌਰਾਨ ਚੌਧਰੀ ਹਾਕਮ ਸਿੰਘ ਨੂੰ ਸੀਨੀਅਰ ਮੀਤ ਪ੍ਰਧਾਨ , ਭੋਲਾ ਸਿੰਘ ਭੋਲ ਮੀਤ ਪ੍ਰਧਾਨ , ਲਖਵਿੰਦਰ ਸਿੰਘ ਗਰੇਵਾਲ ਸਹਾਇਕ ਸਕੱਤਰ , ਖਜਾਨਚੀ ਥਾਣੇਦਾਰ ਬਹਾਦਰ ਸਿੰਘ ਢੰਡਾ,ਮੁੱਖ ਸਲਾਹਕਾਰ ਅਮਰਜੀਤ ਸਿੰਘ ਚੁਣੇ ਗਏ । ਇਸ ਮੀਟਿੰਗ ਵਿਚ ਦਰਸ਼ਨ ਸਿੰਘ ਸ਼ੇਰਪੁਰੀ ਸੁਖਵਿੰਦਰ ਸਿੰਘ ਧਾਲੀਵਾਲ ਬਲਵੀਰ ਸਿੰਘ ਫੌਜੀ, ਸਾਬਕਾ ਚੇਅਰਮੈਨ ਭਜਨ ਸਿੰਘ, ਸਰਪੰਚ ਰਣਜੀਤ ਸਿੰਘ ਧਾਲੀਵਾਲ, ਮਾ ਹਰਬੰਸ ਸਿੰਘ ਸੇਰਪੁਰ, ਦਰਸਨ ਸਿੰਘ ਸੇਰਪੁਰੀ, ਸੁਖਮਿੰਦਰ ਸ਼ਿੰਘ ਧਾਲੀਵਾਲ, ਬਲਵੀਰ ਸਿੰਘ ਫੌਜੀ,ਪੰਚ ਮਲਕੀਤ ਸਿੰਘ ਥਿੰਦ, ਭਜਨ ਸਿੰਘ ਚੇਅਰਮੈਨ, ਰਾਜਵਿੰਦਰ ਸਿੰਘ ਧਾਲੀਵਾਲ, ਬਹਾਦਰ ਸਿੰਘ ਢੰਡਾ ਪੰਚ, ਬੇਅੰਤ ਸਿੰਘ ਭੋਲਾ,ਬਹਾਦਰ ਸਿੰਘ ਧਾਲੀਵਾਲ, ਮਲਕੀਤ ਸਿੰਘ ਥਿੰਦ ਸਾਬਕਾ ਪੰਚ ਆਦਿ ਹਾਜਰ ਸਨ।

# ਸਮਰਾਲਾ ਖੇਤੀਬਾੜੀ ਸਹਿਕਾਰੀ ਬੈਂਕ ਦੀ ਚੋਣ ਸਰਬਸੰਮਤੀ ਨਾਲ ਮੁਕੰਮਲ

## ਆਮ ਆਦਮੀ ਪਾਰਟੀ ਨੇ ਜੋਨ ਰੁਪਾਲੋਂ ਤੋਂ ਸਾਬਕਾ ਚੇਅਰਮੈਨ ਕਰਮ ਸਿੰਘ ਸੰਧੂ ਦੀ ਧਰਮ ਪਤਨੀ ਨੂੰ ਰੁਪਾਲੋ ਜ਼ੋਨ ਤੋਂ ਡਾਇਰੈਕਟਰ ਚੁਣਿਆ

**ਸਮਰਾਲਾ ਬੀਜਾ/ਭੂਸ਼ਨ ਬਾਂਸਲ ਸੁਨੀਲ ਅਗਰਵਾਲ**

ਸਥਾਨਕ ਖੇਤੀਬਾੜੀ ਸਹਿਕਾਰੀ ਵਿਕਾਸ ਬੈਂਕ ਦੇ ਬੋਰਡ ਆਫ ਡਾਇਰੈਕਟਰ ਦੀ ਚੋਣ ਸਰਬਸੰਮਤੀ ਨਾਲ ਮੁਕੰਮਲ ਹੋ ਗਈ ਹੈ . ਸਥਾਨਕ ਇਸ ਸਹਿਕਾਰੀ ਬੈਂਕ ‘ਤੇ ਜ?ਿਆਦਾਤਰ ਲੰਬਾ ਸਮਾਂ ਸਾਬਕਾ ਵਿਧਾਇਕ ਜਗਜੀਵਨ ਸਿੰਘ ਖੀਰਨੀਆਂ ਦੇ ਸਮਰਥਕਾਂ ਹੀ ਕਬਜ ਰਹੇ ਹਨ . ਅੱਜ ਬੈਂਕ ਦੀ ਪ੍ਰਬੰਧਕ ਕਮੇਟੀ ਦੇ ਡਾਇਰੈਕਟਰ ਵਜੋਂ ਕਾਗਜ ਨਾਮਜਦਗੀ ਦਾਖਲ ਕਰਨ ਤੋਂ ਪਹਿਲਾਂ ਸਥਾਨਕ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਤੇ ਸਾਬਕਾ ਵਿਧਾਇਕ ਜਗਜੀਵਨ ਸਿੰਘ ਖੀਰਨੀਆਂ ਦੇ ਯਤਨਾਂ ਸਦਕਾ ਬੈਂਕ ਦੀ ਚੋਣ ਸਰਬਸੰਮਤੀ ਨਾਲ ਸਮਾਪਤ ਹੋ ਗਈ ਹੈ . ਸਹਿਮਤੀ ਸਦਕਾ ਆਮ ਆਦਮੀ ਪਾਰਟੀ ਦੇ 6 ਤੇ ਅਕਾਲੀ ਦਲ ਦੇ ਤਿੰਨ ਡਾਇਰੈਕਟਰਾਂ ਨੇ ਹੀ ਕਾਗਜ ਨਾਮਜਦਗੀ ਦਾਖਲ ਕੀਤੇ ਸਨ . ਆਮ ਆਦਮੀ ਪਾਰਟੀ ਦੇ ਜੋਨ ਰੁਪਾਲੋਂ ਤੋਂ ਕੁਲਦੀਪ ਕੌਰ ਪਤਨੀ ਸਾਬਕਾ ਚੇਅਰਮੈਨ ਕਰਮ ਸਿੰਘ ਸੰਧੂ, ਜੋਨ ਮਾਣਕੀ ਤੋਂ ਕਰਨੈਲ ਕੌਰ ਉਟਾਲਾਂ, ਜੋਨ ਸਮਰਾਲਾ ਤੋਂ ਮਲਕੀਤ ਸਿੰਘ ਬਾਲਿਓਾ, ਜੋਨ ਮਾਦਪੁਰ ਤੋਂ ਕਮਲਜੀਤ ਸਿੰਘ ਮਾਦਪੁਰ ਤੇ ਜੋਨ ਬਰਧਾਲਾ ਤੋਂ ਹਰਵਿੰਦਰ ਸਿੰਘ ਸਰਪੰਚ ਅਤੇ ਗੋਸਲਾਂ ਜੋਨ ਤੋਂ ਹਰ ਗੁਰਮੁਖ ਸਿੰਘ ਦਿਆਲਪੁਰਾ ਨੂੰ ਬੈਂਕ ਦੇ ਡਾਇਰੈਕਟਰ ਚੁਣੇ ਜਾਣ ਦਾ ਐਲਾਨ ਕਰ ਦਿੱਤਾ ਗਿਆ ਹੈ . ਇਸ ਮੌਕੇ ਚੁਣੇ ਗਏ ਡਾਇਰੈਕਟਰਾਂ ਤੋਂ ਇਲਾਵਾ ਟਰੱਕ ਯੂਨੀਅਨ ਦੇ ਪ੍ਰਧਾਨ ਪਵਨਦੀਪ ਬੈਨੀਪਾਲ, ਪੰਜਾਬ ਸਹਿਕਾਰੀ ਵਿਕਾਸ ਬੈਂਕ ਦੇ ਸੂਬਾਈ ਡੈਲੀਗੇਟ ਕਰਮ ਸਿੰਘ ਸੰਧੂ ਸਰਪੰਚ ‘ਆਪ’ ਦੇ ਬਲਾਕ ਪ੍ਰਧਾਨ ਕਸਮੀਰੀ ਲਾਲ ਵੀ ਹਾਜਰ ਸਨ . ਕਾਂਗਰਸ ਪਾਰਟੀ ਵਲੋਂ ਕੋਈ ਵੀ ਉਮੀਦਵਾਰ ਨੇ ਅੱਜ ਕਾਗਜ ਨਾਮਜਦਗੀ ਦਾਖਲ ਕਰਨ ਲਈ ਨਹੀਂ ਪਹੁੰਚਿਆ . ਮੁਕੰਮਲ ਹੋਈ ਚੋਣ ਉਪਰੰਤ ਆਮ ਆਦਮੀ ਪਾਰਟੀ ਦਾ ਚੇਅਰਮੈਨ ਚੁਣਿਆ ਜਾਣਾ ਲਗਪਗ ਤੈਅ ਹੈ ਆਮ ਆਦਮੀ ਪਾਰਟੀ ਤੋ ਜੋਨ ਰੁਪਾਲੋਂ ਤੋਂ ਸਾਬਕਾ ਚੇਅਰਮੈਨ ਕਰਮ ਸਿੰਘ ਸੰਧੂ ਦੀ ਧਰਮ ਪਤਨੀ ਨੂੰ ਰੁਪਾਲੋ ਜ਼ੋਨ ਤੋਂ ਡਾਇਰੈਕਟਰ ਚੁਣੇ ਗਏ ਇਲਾਕੇ ਵਿੱਚ ਖੁਸ਼ੀ ਦਾ ਮਾਹੌਲ ਸਾਬਕਾ ਸਰਪੰਚ ਤੇ ਸਾਬਕਾ ਚੇਅਰਮੈਨ ਕਰਮ ਸਿੰਘ ਸੰਧੂ ਨੂੰ ਮੁਬਾਰਕਬਾਦ ਦਿੱਤੀਆਂ ਜਾ ਰਹੀਆਂ ਨੇ ਅਤੇ ਉਨ੍ਹਾਂ ਦਾ ਪਿੰਡ ਪਹੁੰਚਣ ਤੇ ਮੂੰਹ ਮਿੱਠਾ ਕਰਵਾਇਆ ਗਿਆ ਨਗਰ ਵਾਸੀਆਂ ਵੱਲੋਂ ਅਤੇ ਉਨ੍ਹਾਂ ਨੇ ਹਲਕਾ ਸਮਰਾਲਾ ਦੇ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਅਤੇ ਸਾਬਕਾ ਐਮਐਲਏ ਜਗਜੀਵਨ ਸਿੰਘ ਖੀਰਨੀਆਂ ਤੇ ਸਮੂਹ ਹਾਈਕਮਾਂਡ ਦਾ ਧੰਨਵਾਦ ਵੀ ਕੀਤਾ । ਇਸ ਮੌਕੇ ਮੌਜੂਦ ਭਗਵਾਨ ਸਿੰਘ ਰੁਪਾਲੋਂ , ਮਨਜੀਤ ਸਿੰਘ ਢਿੱਲੋਂ ਭੌਰਲਾ, ਅੰਮ੍ਰਿਤਪਾਲ ਸਿੰਘ ਮਠਾੜੂ ਭੌਰਲਾ , ਬਲਜੀਤ ਸਿੰਘ ਰਾਏ , ਅੰਮ੍ਰਿਤਪਾਲ ਸਿੰਘ ਚਾਵਾ, ਮਨਰਾਜ ਸੰਧੂ ਹਰਬੰਸਪੁਰਾ , ਜਗਤਾਰ ਸਿੰਘ ਹਰਬੰਸਪੁਰਾ , ਇਕਬਾਲ ਸਿੰਘ ਹਰਬੰਸਪੁਰਾ ਆਦਿ ਹਾਜਰ ਸਨ ।



# ਕੋਟਲੀ ਮੱਲੀਆਂ ਸਰਕਾਰੀ ਸਕੂਲ ਦੇ ਨਵੇਂ ਕਲਾਸ ਰੂਮ ਰੱਖਿਆ ਨੀਂਹ ਪੱਥਰ




**ਅੰਮ੍ਰਿਤਸਰ/ਰਾਜਾ ਕੋਟਲੀ**

ਹਲਕਾ ਮਜੀਠਾ ਦੇ ਪਿੰਡ ਕੋਟਲੀ ਮੱਲੀਆਂ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿਖੇ ਵਿਦਿਆਰਥੀਆਂ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਪੰਜਾਬ ਸਰਕਾਰ ਵੱਲੋਂ ਮਿਲੀ ਗ੍ਰਾਂਟ ਨਾਲ ਨਵੇਂ ਬਣਨ ਵਾਲੇ ਕਲਾਸ ਰੂਮ ਦਾ ਨੀਂਹ ਪੱਥਰ ਅੱਜ ਸਕੂਲ ਦੇ ਪ੍ਰਿੰਸੀਪਲ ਮੰਗਲ ਸਿੰਘ, ਸਰਪੰਚ ਕੁਲਵੰਤ ਸਿੰਘ ਅਤੇ ਸੰਮੂਹ ਗ੍ਰਾਮ ਪੰਚਾਇਤ ਮੈਂਬਰਾਂ ਵੱਲੋਂ ਸਾਂਝੇ ਤੌਰ ਤੇ ਰੱਖਿਆ ਗਿਆ। ਇਸ ਮੌਕੇ ਸਕੂਲ ਪ੍ਰਿੰਸੀਪਲ ਅਤੇ ਪਿੰਡ ਦੇ ਸਰਪੰਚ ਨੇ ਪੰਜਾਬ ਸਰਕਾਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਕਮਰਾ ਬਣਨ ਨਾਲ ਵਿਦਿਆਰਥੀਆਂ ਨੂੰ ਨਵੇਂ ਕਲਾਸ ਰੂਮ ਦੀ ਸਹੂਲਤ ਮਿਲੇਗੀ। ਇਸ ਮੌਕੇ ਆਪ ਵਰਕਰ ਗੁਰਮੀਤ ਸਿੰਘ, ਸੰਤੋਖ ਸਿੰਘ, ਜੱਥੇਦਾਰ ਤਰਲੋਚਨ ਸਿੰਘ, ਨੰਬਰਦਾਰ ਅਮਰੀਕ ਸਿੰਘ, ਮੈਂਬਰ ਪੰਚਾਇਤ ਕੁਲਵੰਤ ਸਿੰਘ, ਗੁਰਮੀਤ ਸਿੰਘ, ਦਲਜੀਤ ਸਿੰਘ, ਸਤਨਾਮ ਸਿੰਘ, ਮਾਸਟਰ ਜਸਬੀਰ ਸਿੰਘ, ਸਟਾਫ ਮੈਂਬਰ ਅਤੇ ਪਿੰਡ ਦੇ ਹੋਰ ਪਤਵੰਤੇ ਵੀ ਹਾਜਰ ਸਨ।

# ਜ਼ਿਲ੍ਹੇ ’ਚ ਇਕ ਸਾਲ ਲਈ ਠੇਕੇ ਦੇ ਆਧਾਰ ’ਤੇ ਭਰੀਆਂ ਜਾਣਗੀਆਂ ਪਟਵਾਰੀਆਂ ਦੀਆਂ 125 ਖਾਲੀ ਅਸਾਮੀਆਂ- ਡੀ ਸੀ ਰੰਧਾਵਾ

**ਸ਼ਹੀਦ ਭਗਤ ਸਿੰਘ ਨਗਰ/ਲੋਕ ਬਾਣੀ**

ਸੂਬਾ ਸਰਕਾਰ ਵੱਲੋਂ ਜਾਰੀ ਹਦਾਇਤਾਂ ਦੀ ਪਾਲਣਾ ਕਰਦਿਆਂ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਵਿੱਚ ਠੇਕੇ ਦੇ ਆਧਾਰ ’ਤੇ ਮਾਲ ਪਟਵਾਰੀਆਂ ਦੀਆਂ 125 ਖਾਲੀ ਅਸਾਮੀਆਂ ਨੂੰ ਭਰਨ ਲਈ ਸੇਵਾਮੁਕਤ ਪਟਵਾਰੀਆਂ/ਕਾਨੂੰਗੋਆਂ ਤੋਂ ਅਰਜ਼ੀਆਂ ਦੀ ਮੰਗ ਕੀਤੀ ਗਈ ਹੈ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਨੇ ਦੱਸਿਆ ਕਿ ਇਹ ਸਮੁੱਚੀ ਭਰਤੀ 31 ਜੁਲਾਈ 2023 ਤੱਕ ਇੱਕ ਸਾਲ ਲਈ ਹੋਵੇਗੀ, ਜਿਸ ਲਈ ਯੋਗ ਬਿਨੈਕਾਰ 10 ਜੂਨ, 2022 ਤੱਕ ਆਪਣੀਆਂ ਅਰਜ਼ੀਆਂ ਦੇ ਸਕਦੇ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਚੁਣੇ ਗਏ ਉਮੀਦਵਾਰਾਂ ਨੂੰ 25,000 ਰੁਪਏ ਪ੍ਰਤੀ ਮਹੀਨਾ ਫਿਕਸ ਤਨਖਾਹ ਦਿੱਤੀ ਜਾਵੇਗੀ। ਉਨ੍ਹਾਂ ਇਹ ਵੀ ਦੱਸਿਆ ਕਿ ਇਸ ਅਸਾਮੀ ਲਈ ਅਰਜ਼ੀ ਦੇਣ ਵਾਲੇ ਦੀ ਵੱਧ ਤੋਂ ਵੱਧ ਉਮਰ 64 ਸਾਲ ਹੈ ਅਤੇ ਬਿਨੈਕਾਰ ਵਿਰੁੱਧ ਕੋਈ ਅਪਰਾਧਿਕ ਕੇਸ ਜਾਂ ਵਿਭਾਗੀ ਜਾਂਚ ਪੈਂਡਿੰਗ ਨਹੀਂ ਹੋਣੀ ਚਾਹੀਦੀ।ਡਿਪਟੀ ਕਮਿਸ਼ਨਰ ਨੇ ਇਹ ਵੀ ਦੱਸਿਆ ਕਿ ਇਹ ਨਿਯੁਕਤੀਆਂ ਸਿਰਫ਼ ਪੇਂਡੂ ਖੇਤਰਾਂ ਲਈ ਕੀਤੀਆਂ ਜਾਣਗੀਆਂ ਅਤੇ ਚੁਣੇ ਗਏ ਪਟਵਾਰੀ ਨੂੰ ਮਾਲ ਰਿਕਾਰਡ ਵਿੱਚ ਸਿੱਧੀ ਪਹੁੰਚ ਰਾਹੀਂ ਤਬਦੀਲੀ ਕਰਨ ਦਾ ਅਧਿਕਾਰ ਨਹੀਂ ਹੋਵੇਗਾ ਅਤੇ ਉਹ ਆਪਣੇ ਸਬੰਧਤ ਏ.ਐਸ.ਐਮ/ਡੀ.ਐਸ.ਐਮ. ਰਾਹੀਂ ਹੀ ਕੰਮ ਕਰਨਗੇ।ਡਿਪਟੀ ਕਮਿਸ਼ਨਰ ਨੇ ਅੱਗੇ ਦੱਸਿਆ ਕਿ ਯੋਗ ਸੇਵਾਮੁਕਤ ਪਟਵਾਰੀ/ਕਾਨੂੰਨਗੋ 10 ਜੂਨ, 2022 ਨੂੰ ਸ਼ਾਮ 5 ਵਜੇ ਤੱਕ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਕਮਰਾ ਨੰਬਰ 206, ਸਦਰ ਕਾਨੂੰਨਗੋ ਸ਼ਾਖਾ ਵਿਖੇ ਆਪਣੀਆਂ ਅਰਜ਼ੀਆਂ ਜਮ੍ਹਾ ਕਰਵਾ ਸਕਦੇ ਹਨ। ਬਿਨੈਕਾਰ ਨੂੰ ਅਰਜ਼ੀ ਦੇ ਨਾਲ ਆਪਣੇ ਸੇਵਾਮੁਕਤੀ ਦੇ ਹੁਕਮਾਂ ਦੀ ਕਾਪੀ ਨਾਲ ਨੱਥੀ ਕਰਨੀ ਹੋਵੇਗੀ। ਨਾਲ ਹੀ ਸਵੈ ਘੋਸ਼ਣਾ ਵੀ ਦੇਣੀ ਹੋਵੇਗੀ, ਜਿਸ ਵਿੱਚ ਲਿਖਿਆ ਹੋਵੇ ਕਿ ਉਸ ਵਿਰੁੱਧ ਕਿਸੇ ਵੀ ਅਦਾਲਤ ਵੱਲੋਂ ਕੋਈ ਸਜ਼ਾ ਨਹੀਂ ਸੁਣਾਈ ਗਈ ਅਤੇ ਨਾ ਹੀ ਉਸ ਖਿਲਾਫ਼ ਕੋਈ ਕੋਰਟ ਕੇਸ/ਜਾਂਚ/ਐਫ.ਆਈ.ਆਰ. ਪੈਂਡਿੰਗ ਹੈ। ਉਨ੍ਹਾਂ ਦੱਸਿਆ ਕਿ ਵਧੇਰੇ ਜਾਣਕਾਰੀ ਲਈ ਜ਼ਿਲ੍ਹੇ ਦੀ ਵੈੱਬਸਾਈਟ .. ਤੇ ਵੀ ਲਾਗ ਇਨ ਕੀਤਾ ਜਾ ਸਕਦਾ ਹੈ।

# ਵਧੀਕ ਡਿਪਟੀ ਕਮਿਸ਼ਨਰ ਨੇ ਸਤਿਗੁਰੂ ਕਬੀਰ ਜੀ ਦੇ ਪ੍ਰਕਾਸ਼ ਉਤਸਵ ਦੀਆਂ ਤਿਆਰੀਆਂ ਤੇ ਪ੍ਰਬੰਧਾਂ ਦਾ ਲਿਆ ਜਾਇਜਾ

**ਜਲੰਧਰ/ਸੰਜੇ ਰਾਜਪੂਤ**

ਵਧੀਕ ਡਿਪਟੀ ਕਮਿਸਨਰ (ਜਨਰਲ) ਅਮਿਤ ਸਰੀਨ ਨੇ ਅੱਜ ਸਤਿਗੁਰੂ ਕਬੀਰ ਜੀ ਦੇ ਪ੍ਰਕਾਸ ਉਤਸਵ ਦੀਆਂ ਤਿਆਰੀਆਂ ਅਤੇ ਪ੍ਰਬੰਧਾਂ ਦਾ ਜਾਇਜਾ ਲਿਆ, ਜਿਥੇ ਉਨ੍ਹਾਂ ਨਗਰ ਨਿਗਮ ਜਲੰਧਰ ਦੇ ਅਧਿਕਾਰੀਆਂ ਨੂੰ ਸਤਿਗੁਰੂ ਕਬੀਰ ਚੌਕ ਦੇ ਸੁੰਦਰੀਕਰਨ ਤੋਂ ਇਲਾਵਾ ਵਾਧੂ ਘਾਹ ਦੀ ਕਟਾਈ, ਦਰੱਖਤਾਂ ਦੀ ਛੰਗਾਈ, ਸੜਕਾਂ ਦੀ ਮੁਰੰਮਤ ਸਮੇਤ ਹੋਰ ਲੋੜੀਂਦੇ ਪ੍ਰਬੰਧਾਂ ਨੂੰ ਯਕੀਨੀ ਬਣਾਉਣ ਦੀਆਂ ਹਦਾਇਤਾਂ ਦਿੱਤੀਆਂ। ਆਪਣੇ ਦੌਰੇ ਦੌਰਾਨ ਵਧੀਕ ਡਿਪਟੀ ਕਮਿਸ਼ਨਰ ਨੇ ਨਗਰ ਨਿਗਮ ਦੇ ਅਧਿਕਾਰੀਆਂ ਨੂੰ ਤੁਰੰਤ ਇਸ ਚੌਕ ਦੇ ਸੁੰਦਰੀਕਰਨ ਲਈ ਮੁਹਿੰਮ ਵਿੱਢਣ ਲਈ ਕਿਹਾ ਤਾਂ ਜੋ ਇਸ ਨੂੰ ਨਵੀਂ ਦਿੱਖ ਦਿੱਤੀ ਜਾ ਸਕੇ। ਉਨ੍ਹਾਂ ਦੱਸਿਆ ਕਿ ਹੋਰ ਕਾਰਜਾਂ ਤੋਂ ਇਲਾਵਾ ਚੌਕ ਵਿੱਚ ਫਰਸ ਦੀਆਂ ਟਾਈਲਾਂ ਨੂੰ ਬਦਲਿਆ ਜਾਣਾ ਹੈ। ਉਨ੍ਹਾਂ ਦੱਸਿਆ ਕਿ ਸਤਿਗੁਰੂ ਕਬੀਰ ਮੰਦਿਰ ਨੂੰ



ਜਾਂਦੀ ਮੁੱਖ ਨਕੋਦਰ ਸੜਕ ਦੀ ਮੁਰੰਮਤ ਦਾ ਕੰਮ ਵੀ ਜਲਦੀ ਸ਼ੁਰੂ ਕੀਤਾ ਜਾ ਰਿਹਾ ਹੈ। ਅਮਿਤ ਸਰੀਨ ਨੇ ਸਬੰਧਤ ਵਿਭਾਗਾਂ ਨੂੰ ਸਪੱਸਟ ਕਿਹਾ ਕਿ ਸੌਂਪੇ ਗਏ ਕਾਰਜਾਂ ਨੂੰ ਨਿਰਧਾਰਤ ਸਮੇਂ ਦੇ ਅੰਦਰ ਪੂਰਾ ਕਰਨ ਵਿੱਚ ਕੋਈ ਕਸਰ ਬਾਕੀ ਨਾ ਛੱਡੀ ਜਾਵੇ। ਉਨ੍ਹਾਂ ਕਿਹਾ ਕਿ ਇਸ ਕੰਮ ਵਿੱਚ ਕਿਸੇ ਵੀ ਤਰ੍ਹਾਂ ਦੀ ਬੇਲੋੜੀ ਦੇਰੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਅਤੇ ਕੁਤਾਹੀ ਕਰਨ ਵਾਲੇ ਅਧਿਕਾਰੀਆਂ ਤੋਂ ਸਪੱਸਟੀਕਰਨ ਮੰਗਿਆ ਜਾਵੇਗਾ। ਉਨ੍ਹਾਂ ਅਧਿਕਾਰੀਆਂ ਨੂੰ ਕਿਹਾ ਕਿ ਪ੍ਰਕਾਸ ਉਤਸਵ ਦੀਆਂ ਤਿਆਰੀਆਂ ਨੂੰ ਪਹਿਲੀ ਤਰਜੀਹ ਦਿੱਤੀ ਜਾਵੇ ਤਾਂ ਜੋ ਸਮਾਗਮ ਨੂੰ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਿਆ ਜਾ ਸਕੇ। ਇਸ ਮੌਕੇ ਸਤਿਗੁਰੂ ਕਬੀਰ ਮੁੱਖਿਆ ਮੰਦਰ ਪ੍ਰਬੰਧਕ ਕਮੇਟੀ ਦੇ ਮੈਂਬਰ ਰਾਕੇਸ ਭਗਤ, ਰਜਿੰਦਰ ਕੁਮਾਰ, ਰਾਜੇਸ ਕੁਮਾਰ, ਸਤੀਸ ਬਿੱਲਾ ਆਦਿ ਮੌਜੂਦ ਸਨ।

ਅਦਾਰਾ ‘ਲੋਕ ਬਾਣੀ’ ਵਿੱਚ ਛਾਪੀਆਂ ਜਾਂਦੀਆਂ ਖ਼ਬਰਾਂ, ਰਿਪੋਰਟਾਂ, ਲੇਖ, ਕਹਾਣੀਆਂ, ਕਵਿਤਾਵਾਂ ਅਤੇ ਹਰ ਕਿਸਮ ਦੇ ਇਸ਼ਤਿਹਾਰਾਂ ਵਿੱਚ ਦਿੱਤੀ ਗਈ ਸੂਚਨਾ, ਵਿਚਾਰ ਆਦਿ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਸ ਅਖ਼ਬਾਰ ਵਿੱਚ ਛਪੇ ਇਸ਼ਤਿਹਾਰ (ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜ਼ਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਸਾਡਾ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ/ਸ਼ੁੱਭ ਚਿੰਤਕਾਂ ਨੂੰ ਬੇਨਤੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ’ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੜਤਾਲ,ਪੁਸ਼ਟੀ ਕਰ ਲੈਣ। -ਸੰਪਾਦਕ

Daily Lok Bani (Punjabi) R.N.I. Punpun 29016,2008 Edior, Owner, Printer, Publisher, Amandeep Mehra Printed at Rachna Printers, Railway Road Jalandhar Place of Publication : 308 Sangam complex Milap Chowk, Jalandhar (India) , Contect No. : 0181-2211009, Fax : 2211009 , Email Id : lokbani08@gmail.com ,

# ਹਲਕਾ ਜੰਡਿਆਲਾ ਦੇ ਪਿੰਡਾਂ 'ਚ ਲੁੱਟਾਂ ਖੋਹਾਂ ਦੀਆਂ ਵਧ ਰਹੀਆਂ ਘਟਨਾਵਾਂ ਕਾਰਨ ਲੋਕਾਂ ਵਿੱਚ ਦਹਿਸ਼ਤ ਦਾ ਮਾਹੌਲ

**ਇਲਾਕੇ ਦੇ ਮੋਹਤਬਰਾਂ ਨੇ ਪੁਲਿਸ ਚੌਂਕੀ ਨਵਾਂ ਪਿੰਡ ਤੇ ਪੁਲਿਸ ਚੌਂਕੀ ਗਹਿਰੀ ਮੰਡੀ ਵਿਖੇ ਨਫਰੀ ਵਧਾਉਣ ਦੀ ਮੰਗ ਕੀਤੀ**

**ਜੰਡਿਆਲਾ ਗੁਰੂ/ਜਸਪਾਲ ਸਰਮਾ**

ਵਿਧਾਨ ਸਭਾ ਹਲਕਾ ਜੰਡਿਆਲਾ ਗੁਰੂ ਦੇ ਅਧੀਨ ਪੈਂਦੇ ਪਿੰਡਾਂ ਜਿਨਾਂ ਪਿੰਡ ਗਹਿਰੀ ਮੰਡੀ, ਤਲਵੰਡੀ ਡੋਗਰਾਂ, ਵਡਾਲਾ ਜੌਹਲ, ਨਵਾਂ ਪਿੰਡ, ਗਦਲੀ, ਭੰਗਵਾਂ, ਦਸਮੇਸ ਨਗਰ, ਮਾਲੋਵਾਲ, ਧੀਰੇਕੋਟ, ਬੰਮਾਂ, ਮਲਕਪੁਰ, ਦੇਵੀਦਾਸਪੁਰਾ, ਖਲੈਰਾ, ਰਸੂਲਪੁਰ ਕਲਾਂ, ਰਾਏਪੁਰ ਕਲਾਂ, ਮਹਿਣੀਆਂ ਬ੍ਰਹਮਣਾਂ, ਅੱਡਾ ਡੱਡੂਆਣਾ, ਜੀਵਨ ਪੰਧੇਰ, ਗਿੱਲ, ਨੰਗਲ ਦਿਆਲ ਸਿੰਘ, ਨੰਗਲ ਮੋੜ, ਜੰਡ, ਅਕਾਲਗੜ ਢਪੱਈਆਂ, ਛਾਪਾ ਰਾਮ ਸਿੰਘ ਫਤਿਹਪੁਰ ਰਾਜਪੂਤਾਂ, ਮੱਖਣਵਿੰਡੀ, ਛੀਨਾਂ, ਨਾਜੋਵਾਲੀ, ਫਤਿਹਪੁਰ ਰਾਜਪੂਤਾਂ ( ਖੁਰਦ ) ਤੀਰਥਪੁਰਾ, ਸੁਰਜਣ ਸਿੰਘ ਵਾਲਾ, ਵਡਾਲੀ ਡੋਗਰਾਂ, ਅਮਰਕੋਟ, ਮੇਹਰਬਾਨਪੁਰਾ, ਰਾਣਾਕਾਲਾ, ਕਿਲ੍ਹਾ ਜੀਵਣ ਸਿੰਘ, ਕਿਲ੍ਹਾ ਮੇਘਾ ਆਦਿ ਪਿੰਡਾਂ ਵਿੱਚ ਨਿਤ ਦਿਨ ਹੋ ਰਹੀਆਂ ਲੁੱਟ ਖੋਹ ਦੀਆਂ ਵਾਰਦਾਤਾਂ ਕਰਨ ਵਾਲੇ ਲੁਟੇਰਿਆਂ ਦੇ ਹੌਸਲੇ ਇੰਨੇ ਬੁਲੰਦ ਹੋ ਗਏ ਹਨ ਕਿ ਉਹ ਆਮ ਲੋਕਾਂ ਨੂੰ ਕੀ ਸਗੋਂ ਪੁਲਿਸ ਨੂੰ ਵੀ ਟਿੱਚ ਸਮਝਦੇ ਹਨ । ਇਹਨਾਂ ਪਿੰਡਾਂ ਤੇ ਕਸਬਿਆਂ ਵਿੱਚ ਵਿੱਚ ਸਮੈਕ, ਹੈਰੋਇਨ, ਅਲਕੋਹਲ ਦਾ ਧੰਦਾ ਧੜੱਲੇ ਨਾਲ ਚੱਲ ਰਿਹਾ ਹੈ ਤੇ ਕੋਈ ਵੀ ਐਸਾ ਦਿਨ ਨਹੀਂ ਹੁੰਦਾ ਜਿਸ ਦਿਨ ਕੋਈ ਵਾਰਦਾਤ ਨਾ ਹੋਈ ਹੋਵੇ । ਇਥੇ ਇਹ ਗੱਲ ਵਰਨਣ ਯੋਗ ਹੈ ਕਿ ਉਪਰੋਕਤ ਪਿੰਡਾਂ ਨੂੰ ਇਕ ਥਾਣਾ ਜਿਸ ਦਾ ਨਾਮ ਥਾਣਾ ਜੰਡਿਆਲਾ ਗੁਰੂ ਹੈ ਤੇ ਦੋ ਪੁਲਿਸ ਚੌਂਕੀਆਂ ਜਿਨਾਂ ਵਿੱਚ ਪੁਲਿਸ ਚੌਂਕੀ ਨਵਾਂ ਪਿੰਡ ਅਤੇ ਪੁਲਿਸ ਚੌਂਕੀ ਗਹਿਰੀ ਮੰਡੀ ਲੱਗਦੀ ਹੈ ਵਿੱਚ ਨਫਰੀ ਦੀ ਘਾਟ ਹੈ ਜਿਸ ਕਾਰਨ ਪੁਲੀਸ ਵੀ ਕਸੂਤੀ ਸਥਿਤੀ ਵਿੱਚ ਫਸੀ ਦਿਖਾਈ ਦੇ ਰਹੀ ਹੈ । ਉਦਾਹਰਣ ਦੇ ਤੌਰ ਤੇ ਪੁਲਿਸ ਚੌਂਕੀ ਨਵਾਂ ਨੂੰ ਤਕਰੀਬਨ 22 - 23 ਪਿੰਡ ਲੱਗਦੇ ਹਨ ਤੇ ਇਸ ਚੌਂਕੀ ਵਿੱਚ ਪੁਲਿਸ ਮੁਲਾਜਮਾਂ ਦੀ ਗਿਣਤੀ ਸਿਰਫ ਪੰਜ ਤੋਂ ਛੇ ਹੈ ਤੇ ਪੁਲਿਸ ਚੌਂਕੀ ਗਹਿਰੀ ਮੰਡੀ ਨੂੰ ਤਕਰੀਬਨ 10 ਕੁ ਪਿੰਡ ਲੱਗਦੇ ਹਨ ਤੇ ਇਥੇ ਵੀ ਪੁਲਿਸ ਮੁਲਾਜਮਾਂ ਦੀ ਗਿਣਤੀ ਚਾਰ - ਪੰਜ ਹੀ ਹੈ ਜੋ ਏਨੇ ਵੱਡੇ ਇਲਾਕੇ ਨੂੰ ਕਵਰ ਕਰਨਾ ਇਹਨਾਂ ਘੱਟ ਗਿਣਤੀ ਮੁਲਾਜਮਾਂ ਲਈ ਔਖਾ ਕਾਰਜ ਹੈ । ਇਥੇ ਇਹ ਗੱਲ ਵੀ ਵਰਨਣਯੋਗ ਹੈ ਕਿ ਇਹਨਾਂ ਚੌਂਕੀਆਂ ਦੇ ਇਕ - ਦੋ ਮੁਲਾਜਮਾਂ ਨੂੰ ਤਕਰੀਬਨ ਰੋਜਾਨਾ ਹੀ ਅਦਾਲਤਾਂ ਵਿੱਚ ਵੀ ਜਾਣਾਂ ਪੈਂਦਾ ਹੈ। ਇਸ ਲਈ ਇਲਾਕੇ ਦੇ ਮੋਹਤਬਰਾਂ ਪਰਮਿੰਦਰ ਸਿੰਘ, ਕੁਲਦੀਪ ਸਿੰਘ, ਵਰਿੰਦਰਜੀਤ ਸਿੰਘ ਢੋਟ, ਦੇਸਪਾਲ ਸਿੰਘ, ਬਲਜੀਤ ਸਿੰਘ ਜੰਮੂ, ਰਵੀ, ਸੁਖਬੀਰ ਸਿੰਘ, ਸੁਰਿੰਦਰਪਾਲ ਸਿੰਘ, ਰਣਜੀਤ ਸਿੰਘ ਰਾਣਾ, ਦੇਵ ਜੌਹਲ, ਪੰਜਾਬ ਸਿੰਘ, ਰਾਜਬੀਰ ਸਿੰਘ ਆਦਿ ਨੇ ਸਰਕਾਰ ਤੇ ਹਲਕਾ ਜੰਡਿਆਲਾ ਗੁਰੂ ਦੇ ਵਿਧਾਇਕ ਤੇ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਤੋਂ ਮੰਗ ਕੀਤੀ ਕਿ ਪੁਲਿਸ ਚੌਂਕੀ ਨਵਾਂ ਪਿੰਡ ਤੇ ਪੁਲਿਸ ਚੌਂਕੀ ਗਹਿਰੀ ਮੰਡੀ ਵਿੱਚ ਮੁਲਾਜਮਾਂ ਦੀ ਗਿਣਤੀ ਵਧਾਈ ਜਾਵੇ ਤਾਂ ਕਿ ਇਲਾਕੇ ਵਿਚ ਅਮਨ-ਸਾਂਤੀ ਨੂੰ ਕਾਇਮ ਰੱਖਿਆ ਜਾ ਸਕੇ ।

# ਸਪੋਰਟਸ ਵਿੰਗ ਸਕੂਲਾਂ ਦੇ ਡੇਅ ਸਕਾਲਰ ਅਤੇ ਰੈਜੀਡੈਂਸਲ ਖਿਡਾਰੀਆਂ ਦੇ ਟਰਾਇਲ



**1020 ਖਿਡਾਰੀਆਂ ਨੇ ਹਿੱਸਾ ਲਿਆ**

**ਗੁਰਦਾਸਪੁਰ-ਨਵਨੀਤ ਕੁਮਾਰ**

ਖੇਡ ਵਿਭਾਗ ਪੰਜਾਬ ਵੱਲੋਂ ਸਾਲ 2022-23 ਦੇ ਸੈਸ਼ਨ ਲਈ ਸਪੋਰਟਸ ਵਿੰਗ ਸਕੂਲਾਂ ਦੇ ਡੇਅ ਸਕਾਲਰ ਅਤੇ ਰੈਜੀਡੈਂਸਲ ਵਿੱਚ ਹੋਣ ਹਾਰ ਖਿਡਾਰੀਆ /ਖਿਡਾਰਨਾਂ ਨੂੰ ਦਾਖਲ ਕਰਨ ਲਈ ਟਰਾਇਲ ਕਰਵਾਏ ਗਏ ਸਨ । ਇਸ ਦੀ ਜਾਣਕਾਰੀ ਸ੍ਰ. ਸੁਖਚੈਨ ਸਿੰਘ ਜ਼ਿਲ੍ਹਾ ਖੇਡ ਅਫ਼ਸਰ ਗੁਰਦਾਸਪੁਰ ਨੇ ਦੱਸਿਆ ਕਿ ਇਸ ਸਾਲ ਦੀ ਖੇਡ ਵਿਭਾਗ ਵੱਲੋਂ ਵੱਖ ਵੱਖ ਗੇਮਾਂ ਨੂੰ ਪਰਮੋਟ ਕਰਨ ਲਈ ਖਿਡਾਰੀਆਂ ਨੂੰ ਡੇਅ ਸਕਾਲਰ /ਰੈਜੀਡੈਂਸਲ ਸਪੋਰਟਸ ਵਿੰਗ (ਸਕੂਲ ) ਵਿੱਚ ਸਾਮਲ ਕੀਤੇ ਜਾਣ ਵਾਲੇ ਸਿਲੈਕਸਨ ਟਰਾਇਲ ( ਉਮਰ ਵਰਤ ਅੰਡਰ :- 14,17,19) ਗੇਮ ਐਥਲੇਟਿਕਸ ਲੜਕੇ/ਲੜਕੀਆਂ ਸਰਕਾਰੀ ਕਾਲਜ ਗੁਰਦਾਸਪੁਰ , ਹਾਕੀ ਲੜਕੇ/ਲੜਕੀਆਂ ਸਰਕਾਰੀ ਕਾਲਜ ਗੁਰਦਾਸਪੁਰ , ਫੁੱਟਬਾਲ ਲੜਕੇ ਸ.ਸ.ਸ. ਸਕੂਲ ਕਾਲਾ ਅਫਗਾਨਾ (ਆਜਮਪੁਰ) , ਜਿਮਨਾਸਟਿਕ ਲੜਕੇ/ਲੜਕੀਆਂ ਜਿਮਨੇਜੀਅਮ ਹਾਲ ਗੁਰਦਾਸਪੁਰ , ਵੇਟ ਲਿਫਟਿੰਗ ਲੜਕੇ/ਲੜਕੀਆਂ ਸਿੱਖ ਨੈਸ਼ਨਲ ਕਾਲਜ ਕਾਦੀਆ, ਜੂਡੋ ਲੜਕੇ/ਲੜਕੀਆਂ ਸ.ਸ.ਸ. ਸਕੂਲ ਲੜਕੇ ਗੁਰਦਾਸਪੁਰ ਵਿਖੇ ਕਰਵਾਏ ਗਏ । ਜਿਸ ਵਿੱਚ ਜ਼ਿਲ੍ਹੇ ਦੇ ਖਿਡਾਰੀਆਂ ਅਤੇ ਖਿਡਾਰੀਆਂ ਦੇ ਮਾਪਿਆਂ ਵੱਲੋਂ ਖੇਡਾਂ ਪ੍ਰਤੀ ਕਾਫੀ ਉਤਸ਼ਾਹ ਵੇਖਣ ਨੂੰ ਮਿਲਿਆ । ਟਰਾਇਲਾਂ ਦੌਰਾਨ ਤਕਰੀਬਨ 1020 ਖਿਡਾਰੀਆਂ /ਖਿਡਾਰਨਾਂ ਨੇ ਭਾਗ ਲਿਆ ।

# ਭਲਕੇ "ਕਾਲ ਸੈਂਟਰਾਂ/ਬੀਪੀਓ ਉਦਯੋਗ ਵਿੱਚ ਕਰੀਅਰ" ਵਿਸ਼ੇ 'ਤੇ ਕਰੀਅਰ ਟਾਕ

**ਲੁਧਿਆਣਾ/ਸੁਖਚੈਨ ਮਹਿਰਾ, ਕਰਨ ਅੱਗਰਵਾਲ:-** ਦੀਪਤੀ ਉੱਪਲ, ਆਈ.ਏ.ਐਸ., ਡਾਇਰੈਕਟਰ ਜਨਰਲ, ਰੁਜਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਅਤੇ ਰਾਜੇਸ ਤ੍ਰਿਪਾਠੀ, ਪੀ.ਸੀ.ਐਸ., ਵਧੀਕ ਮਿਸਨ ਡਾਇਰੈਕਟਰ, ਡੀ.ਈ.ਜੀ.ਐਸ.ਡੀ.ਟੀ.ਟੀ ਦੀ ਅਗਵਾਈ ਹੇਠ, ਇੱਕ ਕਰੀਅਰ ਟਾਕ ਦਾ ਆਯੋਜਨ ਭਲਕੇ, 1 ਜੂਨ, 2022 ਨੂੰ ਸਵੇਰੇ 11:00 ਵਜੇ ਕੀਤਾ ਜਾ ਰਿਹਾ ਹੈ। ਵਿਸਾ "ਕਾਲ ਸੈਂਟਰਾਂ/ਬੀਪੀਓ ਉਦਯੋਗ ਵਿੱਚ ਕਰੀਅਰ"। ਮੁੱਖ ਬੁਲਾਰੇ ਰਾਜਵਿੰਦਰ ਸਿੰਘ ਬੋਪਾਰਾਏ, ਪ੍ਰਧਾਨ ਬੈਸਟ ਬੇ ਟਰੱਕਿੰਗ ਐਂਡ ਬੈਸਟ ਬੇ ਲੋਜਿਸਟਿਕਸ ਐਂਡ ਐਸਆਰਪੀ ਡਿਜੀਟਲ ਸਰਵਿਸਿਜ ਅਤੇ ਐਸਆਰਪੀ ਯੂਐਸ ਲੌਜਿਸਟਿਕ ਪ੍ਰਾਈਵੇਟ ਲਿਮਟਿਡ ਹਨ। ਇਸ ਦਾ ਉਦੇਸ ਪੰਜਾਬ ਦੇ ਨੌਜਵਾਨਾਂ ਨੂੰ ਇਸ ਗੱਲ 'ਤੇ ਮਾਹਰ ਰਾਏ ਨਾਲ ਮਦਦ ਕਰਨਾ ਹੈ ਕਿ ਉਹ ਕਾਲ ਸੈਂਟਰਾਂ/ਬੀਪੀਓ ਉਦਯੋਗ ਵਿੱਚ ਕੈਰੀਅਰ ਦੇ ਮੌਕੇ ਕਿਵੇਂ ਲੱਭ ਸਕਦੇ ਹਨ, ਆਪਣੇ ਰੁਜਗਾਰ ਦੇ ਮੌਕੇ ਵਧਾ ਸਕਦੇ ਹਨ। ਕਰੀਅਰ ਟਾਕ ਦੇ ਮੁੱਖ ਫੋਕਸ ਖੇਤਰ ਕੈਰੀਅਰ ਦੇ ਮੌਕੇ ਹਨ ਜੋ ਕਾਲ ਸੈਂਟਰਾਂ/ਬੀਪੀਓ ਉਦਯੋਗ ਵਿੱਚ 10ਵੀਂ/12ਵੀਂ/ਗ੍ਰੈਜੂਏਟ ਉਮੀਦਵਾਰਾਂ ਦੁਆਰਾ ਪ੍ਰਾਪਤ ਕੀਤੇ ਜਾ ਸਕਦੇ ਹਨ, ਇਸ ਉਦਯੋਗ ਵਿੱਚ ਕੰਮ ਕਰਨ ਦੇ ਚੰਗੇ ਅਤੇ ਨੁਕਸਾਨ ਅਤੇ ਭਵਿੱਖ ਦੀਆਂ ਸੰਭਾਵਨਾਵਾਂ। ਇਹ ਇਵੈਂਟ ਰੋਜਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਵਿਭਾਗ ਦੇ ਫੇਸਬੁੱਕ ਪੇਜ 'ਤੇ ਲਾਈਵ ਹੋਵੇਗਾ। ਸਾਰੇ ਦਿਲਚਸਪੀ ਰੱਖਣ ਵਾਲੇ ਉਮੀਦਵਾਰ ਫੇਸਬੁੱਕ ਪੇਜ @ ਰੋਜਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਵਿਭਾਗ 'ਤੇ ਲਾਈਵ ਸੈਸਨ ਵਿੱਚ ਸਾਮਲ ਹੋ ਸਕਦੇ ਹਨ ਜਾਂ ਲਿੰਕ :// .//3747 'ਤੇ ਜਾ ਸਕਦੇ ਹਨ।

# ਸਿਹਤ ਵਿਭਾਗ ਵਲੋਂ ਵਿਸ਼ਵ ਤੰਬਾਕੂ ਦਿਵਸ ਤਹਿਤ 16 ਤੋ 31 ਮਈ ਤੱਕ ਮਨਾਇਆ ਪੰਦਰਵਾੜਾ

**ਲੁਧਿਆਣਾ/ਸੁਖਚੈਨ ਮਹਿਰਾ**




ਸਿਵਲ ਸਰਜਨ ਡਾ. ਐਸ ਪੀ ਸਿੰਘ ਦੀ ਅਗਵਾਈ ਹੇਠ 75ਵੇ ਅਜ਼ਾਦੀ ਦੇ ਅਮ੍ਰਿਤ ਮਹਾਂਉਤਸਵ ਤਹਿਤ ਸਿਹਤ ਵਿਭਾਗ ਵਲੋ ਵਿਸ਼ਵ ਤੰਬਾਕੂ ਦਿਵਸ 16 ਮਈ ਤੋ 31 ਮਈ ਤੱਕ ਪੰਦਰਵਾੜਾ ਮਨਾਇਆ ਗਿਆ। ਅੱਜ ਵਿਸ਼ਵ ਤੰਬਾਕੂ ਰਹਿਤ ਦਿਵਸ ਮੌਕੇ ਡਾ ਐਸ ਪੀ ਸਿੰਘ ਦੀ ਅਗਵਾਈ ਹੇਠ ਜਿਲਾ ਪਰਿਵਾਰ ਭਲਾਈ ਅਫਸਰ ਡਾ ਹਰਪ੍ਰੀਤ ਸਿੰਘ ਨੇ ਦਫਤਰੀ ਸਟਾਫ ਨੂੰ ਸੁੰਹ ਚੁਕਾਈ। ਇਸ ਮੌਕੇ ਸਿਵਲ ਸਰਜਨ ਡਾ ਐਸ ਪੀ ਸਿੰਘ ਨੇ ਸਟਾਫ ਮੈਬਰਾਂ ਨੂੰ ਅਪੀਲ ਕੀਤੀ ਕਿ ਨਾ ਤਾਂ ਉਹ ਆਪ ਤੰਬਾਕੂ ਦਾ ਸੇਵਨ ਕਰਨ ਅਤੇ ਜੇਕਰ ਕੋਈ ਵਿਅਕਤੀ ਤੰਬਾਕੂ ਦਾ ਸੇਵਨ ਕਰਦਾ ਹੈ ਤਾਂ ਉਸ ਨੂੰ ਇਸ ਨਾਲ ਹੋਣ ਵਾਲੀਆਂ ਬਿਮਾਰੀਆਂ ਜਿਵੇਂ ਕਿ ਗਲੇ ਦਾ ਕੈਸਰ, ਛਾਤੀ ਦਾ ਕੈਸਰ ਆਦਿ ਬਾਰੇ ਜਾਣਕਾਰੀ ਦੇਣ ਤਾਂ ਕਿ ਉਸ ਵਿਅਕਤੀ ਨੂੰ ਤੰਬਾਕੂ ਦਾ ਸੇਵਨ ਕਰਨ ਤੋ ਰੋਕਿਆ ਜਾ ਸਕੇ।

ਇਸ ਸਬੰਧੀ ਕੋਟਪਾ ਦੇ ਨੋਡਲ ਅਫਸਰ ਡਾ ਮਨੂੰ ਵਿਜ ਨੇ ਦੱਸਿਆ ਕਿ ਇਸ ਪੰਦਰਵਾੜੇ ਤਹਿਤ ਆਮ ਲੋਕਾਂ ਨੂੰ ਤੰਬਾਕੂ ਪੀਣ ਨਾਲ ਹੋਣ ਵਾਲੇ ਭੈੜੇ ਪ੍ਰਭਾਵਾਂ ਸਬੰਧੀ ਜਾਗਰੂਕ ਕੀਤਾ ਗਿਆ ਅਤੇ ਕੋਟਪਾ ਐਕਟ ਸਬੰਧੀ ਬਣੇ ਕਾਨੂੰਨ ਦੀ ਉਲੰਘਣਾ ਕਰਨ ਵਾਲੇ ਜਨਤਕ ਥਾਵਾਂ ਤੇ ਬੀੜੀ ਸਿਗਰਟ ਆਦਿ ਪੀਣ ਵਾਲੇ ਲੋਕਾਂ ਦੇ ਚਲਾਨ ਕਰਨ ਦੇ ਨਾਲ ਨਾਲ ਉਨਾਂ ਨੂੰ ਬੀੜੀ ਸਿਗਰਟ ਪੀਣ ਨਾਲ ਹੋਣ ਵਾਲੀਆਂ ਬਿਮਾਰੀਆਂ ਸਬੰਧੀ ਵੀ ਜਾਗਰੂਕ ਕੀਤਾ ਗਿਆ। ਡਾ ਵਿਜ ਨੇ ਦੱਸਿਆ ਕਿ ਪੰਦਰਵਾੜੇ ਤਹਿਤ ਜਿਲ੍ਹੇ ਭਰ ਵਿਚ ਹੈਲਥ ਦੀਆਂ ਟੀਮਾਂ ਵਲੋ ਵੱਖ ਵੱਖ ਸਕੂਲਾਂ ਵਿਚ ਬੱਚਿਆਂ ਨੂੰ ਇਸ ਪ੍ਰਤੀ ਜਾਗਰੂਕ ਕਰਦੇ ਸੁੰਹ ਵੀ ਚਕਾਈ ਗਈ। ਇਸ ਮੌਕੇ ਆਰ ਬੀ ਐਸ ਕੇ ਦੀਆਂ ਟੀਮਾਂ ਦੇ ਇੰਨਚਾਰਜ਼ ਡਾ ਅਰੁਨ ਢਿੱਲੋ ਨੇ ਦੱਸਿਆ ਕਿ ਇਸ ਸਬੰਧੀ ਜ਼ਿਲ੍ਹੇ ਭਰ ਵਿਚ ਵੱਖ-ਵੱਖ ਥਾਵਾਂ 'ਤੇ ਪ੍ਰੋਗਰਾਮ ਕਰਕੇ ਆਮ ਲੋਕਾਂ ਨੂੰ ਸੁੰਹ ਚੁਕਾਈ ਗਈ ਅਤੇ ਸਿਹਤ ਕੇਦਰਾਂ ਤੇ ਆਏ ਮਰੀਜਾਂ ਨੂੰ ਵਿਸਵ ਤੰਬਾਕੂ ਦਿਵਸ ਮਨਾਉਂਦਿਆਂ ਜਾਗਰੂਕ ਵੀ ਕੀਤਾ ਗਿਆ। ਇਸ ਮੌਕੇ ਦਫਤਰ ਦੇ ਸਮੂਹ ਅਧਿਕਾਰੀ ਅਤੇ ਕਰਮਚਾਰੀ ਵੀ ਹਾਜ਼ਰ ਸਨ।

# ਜੰਡਿਆਲਾ ਗੁਰੂ ਵਿਖੇ ਭੈਣਾਂ ਨਾਲ ਸਕੂਲ ਜਾ ਰਹੇ ਵਿਦਿਆਰਥੀ ਨੂੰ ਪਿੱਛੇ ਤੋਂ ਐਕਟਿਵਾ ਸਵਾਰ ਤਿੰਨ ਅਣਪਛਾਤੇ ਵਿਅਕਤੀਆਂ ਨੇ ਜਖਮੀ ਕੀਤਾ





**ਜੰਡਿਆਲਾ ਗੁਰੂ/ਜਸਪਾਲ ਸ਼ਰਮਾ**

ਅੱਜ ਜੰਡਿਆਲਾ ਗੁਰੂ ਵਿਖੇ ਅੰਮ੍ਰਿਤਪਾਲ ਸਿੰਘ ਪੁੱਤਰ ਗੁਰਬਿੰਦਰ ਸਿੰਘ ਵਾਸੀ ਮੁਹੱਲਾ ਸੇਖੂਪੁਰਾ ਜੋ ਕਿ 10ਵੀਂ ਜਮਾਤ ਦਾ ਵਿਦਿਆਰਥੀ ਹੈ ਉਮਰ 16 ਸਾਲ, ਉਹ ਸਵੇਰੇ ਆਪਣੀਆਂ ਭੈਣਾਂ ਨਾਲ ਵੈਰੋਵਾਲ ਰੋਡ ਜੰਡਿਆਲਾ ਗੁਰੂ ਡੇ ਬੋਰਡਿੰਗ ਸਕੂਲ ਜਾ ਰਿਹਾ ਸੀ ਤਾਂ ਜਦੋਂ ਉਹ ਸਕੂਲ ਨੇੜੇ ਪਹੁੰਚਿਆ। ਪਿੱਛੇ ਉਸ ਦੀਆਂ ਭੈਣਾਂ ਬੈਠੀਆਂ ਸਨ।ਜਦੋਂ ਉਹ ਹੇਠਾਂ ਉਤਰੀਆਂ ਤਾਂ ਐਕਟਿਵਾ ਸਵਾਰ ਤਿੰਨ ਅਣਪਛਾਤੇ ਲੜਕੇ ਉਸ ਦੇ ਸਿਰ 'ਤੇ ਦਾਤਰ ਮਾਰ ਕੇ ਫਰਾਰ ਹੋ ਗਏ ਅਤੇ ਉਸੇ ਵੇਲੇ ਐਕਟਿਵਾ 'ਚੋਂ ਅੰਮ੍ਰਿਤਪਾਲ ਸਿੰਘ ਜਖਮੀ ਹਾਲਤ 'ਚ ਹੇਠਾਂ ਡਿੱਗ ਗਿਆ।ਉਸ ਦੇ ਪਰਿਵਾਰ ਵਾਲਿਆਂ ਨੇ ਮੌਕੇ 'ਤੇ ਪਹੁੰਚ ਕੇ ਅੰਮ੍ਰਿਤਪਾਲ ਸਿੰਘ ਨੂੰ ਹਸਪਤਾਲ ਦਾਖਲ ਕਰਵਾਇਆ। ਕੰਨ ਦੇ ਪਿੱਛੇ 10 ਟਾਂਕੇ ਲੱਗੇ ਸਨ। ਪਰਿਵਾਰ ਨੇ ਇਸ ਦੀ ਸ਼ਿਕਾਇਤ ਥਾਣਾ ਜੰਡਿਆਲਾ ਨੂੰ ਦਿੱਤੀ ਹੈ। ਅਤੇ ਹਮਲਾਵਰਾਂ ਦੀ ਸੀਸੀ ਫੁਟੇਜ ਵੀ ਮਿਲ ਗਈ ਹੈ, ਜਿਸ ਦੀ ਪੁਲਿਸ ਜਾਂਚ ਕਰ ਰਹੀ ਹੈ। ਪੁਲਿਸ ਦਾ ਕਹਿਣਾ ਹੈ ਕਿ ਮੁਲਜਮਾਂ ਨੂੰ ਜਲਦੀ ਹੀ ਕਾਬੂ ਕਰ ਲਿਆ ਜਾਵੇਗਾ।

# ਮੁਕਤੀ ਮੋਹਨ ਅਤੇ ਸ਼ਿਵਿਨ ਨਾਰੰਗ ਅਭਿਨੀਤ ਗੋਲਡੀ ਸੋਹੇਲ ਅਤੇ ਅਸੀਸ ਕੌਰ ਦਾ ਨਵਾਂ ਡਾਂਸ ਨੰਬਰ ਅਗਲਾ ਮਸਹੂਰ ਰੁਝਾਨ ਹੈ






**ਚੰਡੀਗੜ੍ਹ/ਲੋਕ ਬਾਣੀ**

ਜਦੋਂ ਇੱਕ ਗੀਤ ਤੁਹਾਨੂੰ ਮੋਹਿਤ ਕਰ ਦਿੰਦਾ ਹੈ ਅਤੇ ਤੁਸੀਂ ਡਾਂਸ ਦੇ ਫਲੋਰ 'ਤੇ ਆ ਕੇ ਝੂਮਣ ਲੱਗਦੇ ਹੋ ਤਾਂ ਇਹ ਅਜਿਹਾ ਪਾਰਟੀ ਗੀਤ ਬਣ ਜਾਂਦਾ ਹੈ ਜਿਸ 'ਤੇ ਤੁਸੀਂ ਪੂਰੀ ਰਾਤ ਡਾਂਸ ਕਰ ਸਕਦੇ ਹੋ . ਗੋਆ ਦੇ ਖੂਬਸੂਰਤ ਸਮੁੰਦਰੀ ਤੱਟਾਂ 'ਤੇ ਫਿਲਮਾਏ ਗਏ ਸੋਨੀ ਮਿਊਜਿਕ ਦੇ ਨਵੇਂ ਅਪਬੀਟ ਟਰੈਕ ਅੱਖੀਆਂ ਨਾ ਅੱਖੀਆਂ ਵਿਚ ਮੁਕਤੀ ਮੋਹਨ ਸ਼?ਵਿਨ ਨਾਰੰਗ ਅਤੇ ਗੋਲਡੀ ਸੋਹੇਲ ਦਿਖਾਈ ਦੇਣਗੇ . ਇਹ ਇਸ ਸਾਲ ਕਲੱਬਾਂ 'ਚ ਵੱਜਣ ਵਾਲਾ ਸਭ ਤੋਂ ਮਸਹੂਰ ਗੀਤ ਬਣ ਜਾਵੇਗਾ .

ਅੱਖੀਆਂ ਨਾ ਅੱਖੀਆਂ ਗੋਲਡੀ ਦੇ ਸਿਗਨੇਚਰ ਖੇਤੀ ਪੁੱਟ ਦੇ ਨਾਲ ਜਬਰਦਸਤ ਸੁਰਾਂ 'ਚ ਇੱਕ ਜਬਰਦਸਤ ਡਾਂਸ ਨੰਬਰ ਹੈ ਜਿਸ 'ਚ ਅਸੀਸ ਕੌਰ ਦੇ ਮਧੁਰ ਸੁਰ ਨੇ ਬਿਹਤਰੀਨ ਆਕਰਸਣ ਪੈਦਾ ਕਰ ਦਿੱਤਾ ਹੈ . ਇਹ ਸਕਤੀਸਾਲੀ ਬੀਟ ਤੁਹਾਡੇ ਦਿਲ 'ਚ ਉਤਰ ਜਾਵੇਗਾ ਅਤੇ ਤੁਸੀਂ ਇਸਦੀਆਂ ਧੁਨਾਂ 'ਤੇ ਖੁਦ ਹੀ ਨੱਚਣ ਲੱਗੋਗੇ . ਮੁਕਤੀ ਮੋਹਨ ਅਤੇ ਸ਼?ਵਿਨ ਨਾਰੰਗ ਦੇ ਬਿਹਤਰੀਨ ਡਾਂਸ ਮੂਵਸ ਮੌਜੂਦਾ ਗਰਮੀਆਂ ਦੇ ਮੂਡ ਨੂੰ ਪ੍ਰਤੀਬਿੰਬਿਤ ਕਰਦੇ ਹਨ ਅਤੇ ਸਮੁੰਦਰੀ ਬੀਚ 'ਤੇ ਮਸਤੀ ਮਜੇ ਅਤੇ ਆਨੰਦ ਨਾਲ ਭਰਪੂਰ ਪਾਰਟੀ ਮਨਾਉਣ ਦੀ ਅਪੀਲ ਕਰਦੇ ਹਨ . ਸੋਨੀ ਮਿਊਜਿਕ ਵੱਲੋਂ ਰਿਲੀਜ ਕੀਤੇ ਗਏ ਅੱਖੀਆਂ ਨਾ ਅੱਖੀਆਂ ਦੇ ਬੋਲ ਅਸਾਨੀ ਨਾਲ ਯਾਦ ਹੋ ਜਾਂਦੇ ਹਨ ਅਤੇ ਇਸਦੀ ਆਕਰਸਕ ਧੁਨ ਇੱਕ ਬਿਹਤਰੀਨ ਪਾਰਟੀ ਨੰਬਰ ਪੇਸ ਕਰਦੀ ਹੈ . ਇਹ ਤੁਹਾਡੀ ਪਲੇਲਿਸਟ 'ਚ ਇੱਕ ਸਾਨਦਾਰ ਗੀਤ ਦੇ ਰੂਪ 'ਚ ਸਾਮਲ ਹੋ ਜਾਵੇਗਾ .ਆਪਣੇ ਅਨੁਭਵ ਦੇ ਬਾਰੇ 'ਚ ਪੁੱਛੇ ਜਾਣ 'ਤੇ ਗੋਲਡੀ ਸੋਹੇਲ ਨੇ ਕਿਹਾ ਮੈਂ ਅੱਖੀਆਂ ਨਾ ਅੱਖੀਆਂ ਦੁਨੀਆਂ ਦੇ ਸਾਹਮਣੇ ਪੇਸ ਕਰਕੇ ਬਹੁਤ ਉਤਸਾਹਿਤ ਹਾਂ . ਇਹ ਪ੍ਰੋਜੈਕਟ ਮੇਰੇ ਕੈਰੀਅਰ ਲਈ ਬਹੁਤ ਖਾਸ ਅਤੇ ਆਨੰਦਮਈ ਹੈ . ਮੈਨੂੰ ਆਸ ਹੈ ਕਿ ਇਹ ਦਰਸਕਾਂ ਨੂੰ ਬਹੁਤ ਪਸੰਦ ਆਵੇਗਾ . ਅਸੀਸ ਕੌਰ ਦੇ ਨਾਲ ਕੰਮ ਕਰਨਾ ਹਮੇਸਾ ਤੋਂ ਬਹੁਤ ਮਜੇਦਾਰ ਰਿਹਾ ਹੈ ਅਤੇ ਸਾਨੂੰ ਮਿਲ ਕੇ ਨਵਾਂ ਸੰਗੀਤ ਬਣਾਉਣਾ ਬਹੁਤ ਪਸੰਦ ਹੈ . ਅਸੀਂ ਟਰੈਕ ਦੇ ਬੋਲਾਂ ਦੇ ਲਈ ਭਲੋਕੇ ਲਾਲ ਦੇ ਨਾਲ ਸਹਿਯੋਗ ਕੀਤਾ . ਇਸ ਗੀਤ ਦਾ ਮੁਖੜਾ ਮੈਂ ਲਿਖਿਆ ਹੈ ਅਤੇ ਅੰਤਰਾ ਭਲੋਕੇ ਨੇ ਲਿਖਿਆ ਹੈ . ਇਹ ਗੀਤ ਜਿਸ ਤਰ੍ਹਾਂ ਨਾਲ ਬਣਿਆ ਹੈ ਉਸ ਨਾਲ ਸਾਨੂੰ ਬਹੁਤ ਖੁਸੀ ਮਿਲੀ ਹੈ ਸਾਨੂੰ ਯਕੀਨ ਹੈ ਕਿ ਇਹ ਦਰਸਕਾਂ ਨੂੰ ਬਹੁਤ ਪਸੰਦ ਆਵੇਗਾ . ਸ਼?ਵਿਨ ਅਤੇ ਅਤੇ ਮੁਕਤੀ ਨੇ ਆਪਣੇ ਡਾਂਸ ਮੂਵਸ ਅਤੇ ਆਨ-ਸਕ੍ਰੀਨ ਕੈਮਿਸਟਰੀ ਦੇ ਨਾਲ ਗੀਤ ਨੂੰ ਜੀਵਿਤ ਅਤੇ ਜੋਸੀਲਾ ਅਹਿਸਾਸ ਦਿੱਤਾ ਹੈ . ਮੈਂ ਸੋਨੀ ਮਿਊਜਿਕ ਦੇ ਨਾਲ ਇਸ ਸਹਿਯੋਗ ਦੇ ਲਈ ਬਹੁਤ ਧੰਨਵਾਦੀ ਹਾਂ ਕਿਉਂਕਿ ਇਸਦੇ ਲਈ ਮੈਂ ਆਪਣੇ ਕਮਫਰਟ ਜੋਨ ਤੋਂ ਬਾਹਰ ਆਇਆ ਅਤੇ ਮੈਂ ਆਪਣੇ ਦਰਸਕਾਂ ਦੇ ਲਈ ਬਿਲਕੁਲ ਨਵਾਂ ਅਤੇ ਬਿਹਤਰੀਨ ਗੀਤ ਪੇਸ ਕੀਤਾ .ਮੈਂ ਸੋਨੀ ਮਿਊਜਿਕ ਦੇ ਨਾਲ ਇਸ ਸਹਿਯੋਗ ਦੇ ਲਈ ਬਹੁਤ ਧੰਨਵਾਦੀ ਹਾਂ ਕਿਉਂਕਿ ਇਸਦੇ ਲਈ ਮੈਂ ਆਪਣੇ ਕਮਫਰਟ ਜੋਨ ਤੋਂ ਬਾਹਰ ਆਇਆ ਅਤੇ ਮੈਂ ਆਪਣੇ ਦਰਸਕਾਂ ਦੇ ਲਈ ਬਿਲਕੁਲ ਨਵਾਂ ਅਤੇ ਬਿਹਤਰੀਨ ਗੀਤ ਪੇਸ ਕੀਤਾ .

ਗੀਤ ਦੇ ਰਿਲੀਜ ਦੇ ਬਾਰੇ 'ਚ ਮੁਕਤੀ ਮੋਹਨ ਨੇ ਕਿਹਾ ਜਿਹੜਾ ਵੀ ਮੈਨੂੰ ਜਾਣਦਾ ਹੈ ਉਸਨੂੰ ਡਾਂਸ ਦੇ ਪ੍ਰਤੀ ਮੇਰੇ ਪਿਤਆਰ ਦੇ ਬਾਰੇ 'ਚ ਪਤਾ ਹੋਵੇਗਾ ਇਸ ਲਈ ਮੈਂ ਇਹ ਗੀਤ ਸੁਣਿਆ ਤਾਂ ਮੈਂ ਫੈਸਲਾ ਕਰ ਲਿਆ ਕਿ ਇਸ ਗੀਤ 'ਤੇ ਮੈਂ ਹੀ ਪਰਫਾਰਮਰ ਕਰਾਂਗੀ . ਮੈਨੂੰ ਇਸ ਗੀਤ ਅਤੇ ਇਸਦੀ ਸੂਟਿੰਗ 'ਚ ਬਹੁਤ ਆਨੰਦ ਆਇਆ . ਸੈਟਿੰਗ ਬਿਲਕੁਲ ਪਰਫੈਕਟ ਸੀ ਅਤੇ ਮੈਂ ਹਰ ਕਿਸੇ ਦੇ ਨਾਲ ਇਸਨੂੰ ਦੇਖੇ ਜਾਣ ਦਾ ਉਤਸੁਕਤਾ ਨਾਲ ਇੰਤਜਾਰ ਕਰ ਰਹੀ ਹਾਂ . ਚਾਹੇ ਗੋਲਡੀ ਸੋਹੇਲ ਅਤੇ ਅਸੀਸ ਕੌਰ ਦੇ ਤੇਜ ਬੋਲ ਹੋਣ ਜਾਂ ਫਿਰ ਸ਼?ਵਿਨ ਦੀ ਮੌਜੂਦਗੀ ਗੀਤ ਦਾ ਹਰ ਤੱਤ ਤੁਹਾਨੂੰ ਡਾਂਸ ਫਲੋਰ 'ਤੇ ਉਤਰ ਕੇ ਪਾਰਟੀ ਕਰਨ ਦੇ ਲਈ ਪ੍ਰੇਰਿਤ ਕਰਦਾ ਹੈ . ਮੈਨੂੰ ਆਸ ਹੈ ਕਿ ਇਸ ਗੀਤ 'ਚ ਹਰ ਕਿਸੇ ਨੂੰ ਓਨਾ ਹੀ ਆਨੰਦ ਆਇਆ ਹੋਵੇਗਾ . ਹੁਣ ਮੈਂ ਇਸ ਗੀਤ 'ਤੇ ਲੋਕਾਂ ਦੇ ਕਦਮ ਥਿਰਕਣ ਦਾ ਇੰਤਜਾਰ ਕਰ ਰਹੀ ਹਾਂ।

# ਗਰਭਵਤੀ ਔਰਤਾਂ ਲਈ ਵਰਦਾਨ ਸਿੱਧ ਹੋ ਰਹੀ ਹੈ ਮਾਤਰੂ ਵੰਦਨਾ ਸਕੀਮ : ਵਿਧਾਇਕ ਕਲਸੀ



- 3 ਕਿਸਤਾਂ ਵਿਚ 5000 ਰੁਪਏ ਦੀ ਮਿਲਦੀ ਹੈ ਮਦਦ
- ਸਕੀਮ ਦਾ ਲਾਭ ਲੈਣ ਲਈ ਆਂਗਣਬਾੜੀ ਕੇਂਦਰਾਂ ਨਾਲ ਕੀਤਾ ਜਾਵੇ ਰਾਬਤਾ

**ਬਟਾਲਾ/ਸੁਖਨਾਮ ਸਿੰਘ**

ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਪ੍ਰਧਾਨ ਮੰਤਰੀ ਮਾਤਰੂ ਵੰਦਨਾ ਸਕੀਮ ਗਰਭਵਤੀ ਔਰਤਾਂ ਲਈ ਵਰਦਾਨ ਸਿੱਧ ਹੋ ਰਹੀ ਹੈ। ਇਸ ਸਕੀਮ ਤਹਿਤ ਲਾਭਪਾਤਰੀ ਨੂੰ ਤਿੰਨ ਕਿਸਤਾਂ ਵਿਚ 5000 ਰੁਪਏ ਦੀ ਵਿੱਤੀ ਮਦਦ ਦਿੱਤੀ ਜਾਂਦੀ ਹੈ ਤਾਂ ਜੋ ਉਹ ਚੰਗੀ ਖੁਰਾਕ ਖਾ ਸਕਣ। ਇਸ ਨਾਲ ਜੱਚਾ ਬੱਚਾ ਦੋਹਾਂ ਦੀ ਸਿਹਤ ਚੰਗਾ ਪੋਸ਼ਣ ਮਿਲਣ ਨਾਲ ਵਧੀਆ ਰਹਿੰਦੀ ਹੈ।

ਇਸ ਯੋਜਨਾ ਬਾਰੇ ਜਾਣਕਾਰੀ ਦਿੰਦਿਆਂ ਵਿਧਾਨ ਸਭਾ ਹਲਕਾ ਬਟਾਲਾ ਦੇ ਵਿਧਾਇਕ ਸ੍ਰੀ ਅਮਨ ਸ਼ੇਰ ਸਿੰਘ ਕਲਸੀ ਨੇ ਦੱਸਿਆ ਕਿ ਇਸ ਸਕੀਮ ਤਹਿਤ ਪਹਿਲੀ ਵਾਰ ਮਾਂ ਬਣਨ ਜਾ ਰਹੀਆਂ ਔਰਤਾਂ ਲਈ ਸਰਕਾਰ ਵੱਲੋਂ ਇਹ ਵਿੱਤੀ ਮਦਦ ਮੁਹਈਆ ਕਰਵਾਈ ਜਾਂਦੀ ਹੈ। ਇਸ ਲਈ ਬਿਨੈਕਾਰ ਸਰਕਾਰੀ ਜਾਂ ਅਰਧ ਸਰਕਾਰੀ ਜਾਂ ਕਾਰਪੋਰੇਸ਼ਨ ਵਿਚ ਨੌਂਕਰੀ ਨਾ ਕਰਦੀ ਹੋਵੇ। ਇਸ ਲਈ ਲਾਭਪਾਤਰੀ ਅਤੇ ਉਸਦੇ ਪਤੀ ਦੇ ਅਧਾਰ ਕਾਰਡ ਅਤੇ ਲਾਭਪਾਤਰੀ ਦੇ ਬੈਂਕ ਖਾਤੇ ਦੀ ਡਿਟੇਲ ਸਮੇਤ ਆਂਗਣਬਾੜੀ ਕੇਂਦਰ ਵਿਖੇ ਅਰਜੀ ਦਿੱਤੀ ਜਾ ਸਕਦੀ ਹੈ।

ਵਿਧਾਇਕ ਕਲਸੀ ਨੇ ਦੱਸਿਆ ਕਿ ਮਾਤਰੂ ਵੰਦਨਾ ਸਕੀਮ ਤਹਿਤ ਪਹਿਲੀ ਕਿਸਤ ਵਜੋਂ 1000 ਰੁਪਏ ਔਰਤ ਦੇ ਗਰਭਧਾਰਨ ਦੇ 150 ਦਿਨਾਂ ਦੇ ਅੰਦਰ ਅੰਦਰ ਨੇੜਲੇ ਆਂਗਣਬਾੜੀ ਕੇਂਦਰ ਤੇ ਰਜਿਸਟ੍ਰੇਸ਼ਨ ਕਰਵਾਉਣ 'ਤੇ ਮਿਲਦੇ ਹਨ। ਇਸੇ ਤਰਾਂ ਗਰਭਵਤੀ ਔਰਤ ਦਾ ਸਿਹਤ ਵਿਭਾਗ ਵੱਲੋਂ ਘੱਟੋ ਘੱਟ ਇਕ ਜਣੇਪਾ ਪ੍ਰੀ ਨੇਟਲ ਹੋਣ ਤੇ ਗਰਭਧਾਰਨ ਦੇ 180 ਦਿਨ ਪੂਰੇ ਹੋਣ ਤੇ 2000 ਰੁਪਏ ਦੀ ਕਿਸਤ ਦਿੱਤੀ ਜਾਂਦੀ ਹੈ। ਇਸੇ ਤਰਾਂ ਤੀਜੀ ਕਿਸਤ ਵਜੋਂ 2000 ਰੁਪਏ ਬੱਚੇ ਦੇ ਜਨਮ ਤੋਂ ਬਾਅਦ ਜਨਮ ਦੀ ਰਜਿਸ਼ਟ੍ਰੇਸ਼ਨ ਹੋਣ ਤੋਂ ਬਾਅਦ ਅਤੇ ਪਹਿਲੇ ਚਰਣ ਦਾ ਟੀਕਾਕਰਨ ਪੂਰਾ ਹੋਣ ਤੇ ਦਿੱਤੇ ਜਾਂਦੇ ਹਨ।

ਉਨ੍ਹਾਂ ਦੱਸਿਆ ਕਿ ਇਸ ਸਕੀਮ ਤਹਿਤ ਲਾਭਪਾਤਰੀਆਂ ਨੂੰ ਵਿੱਤੀ ਮਦਦ ਸਿੱਧੇ ਬੈਂਕ ਖਾਤੇ ਵਿਚ ਭੇਜੀ ਜਾਂਦੀ ਹੈ ਅਤੇ ਇਸ ਨਾਲ ਚੰਗੀ ਖੁਰਾਕ ਸਦਕਾ ਜੱਚਾ ਬੱਚਾ ਦੀ ਮੌਤ ਦਰ ਘੱਟ ਕਰਨ ਵਿਚ ਵੀ ਇਹ ਯੋਜਨਾ ਸਹਾਈ ਹੋ ਰਹੀ ਅਤੇ ਜੱਚਾ ਬੱਚਾ ਸਿਹਤਮੰਦ ਰਹਿੰਦੇ ਹਨ। ਉਨਾਂ ਨੇ ਯੋਗ ਲਾਭਪਾਤਰੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਪ੍ਰਧਾਨ ਮੰਤਰੀ ਮਾਤਰੂ ਵੰਦਨਾ ਸਕੀਮ ਦਾ ਵੱਧ ਤੋਂ ਵੱਧ ਲਾਭ ਉਠਾਉਣ।

# ਵਿਧਾਇਕ ਸਿੱਧੂ ਵੱਲੋਂ ਅੱਜ ਕੇਂਦਰੀ ਸੁਧਾਰ ਘਰ ਦਾ ਦੌਰਾ, ਹਵਾਲਾਤੀਆਂ ਤੇ ਕੈਦੀਆਂ ਲਈ ਪੀਣ ਵਾਲੇ ਪਾਣੀ ਦੇ ਕੂਲਰ ਕਰਵਾਏ ਮੁਹੱਈਆ



**ਲੁਧਿਆਣਾ/ਸੁਖਚੈਨ ਮਹਿਰਾ, ਵਰਿੰਦਰ ਪ੍ਰਕਾਸ ਭਾਂਬਰੀ**

ਹਲਕਾ ਆਤਮ ਨਗਰ ਤੋਂ ਵਿਧਾਇਕ ਸ. ਕੁਲਵੰਤ ਸਿੰਘ ਸਿੱਧੂ ਵੱਲੋਂ ਅੱਜ ਕੇਂਦਰੀ ਸੁਧਾਰ ਘਰ ਦਾ ਦੌਰਾ ਕੀਤਾ ਗਿਆ। ਉਨ੍ਹਾਂ ਹਵਾਲਾਤੀਆਂ ਅਤੇ ਕੈਦੀਆਂ ਲਈ ਪੀਣ ਵਾਲੇ ਪਾਣੀ ਦੇ 2 ਕੂਲਰ ਵੀ ਮੁਹੱਈਆ ਕਰਵਾਏ। ਬੀਤੇ ਦਿਨੀਂ ਵਿਧਾਇਕ ਸ.ਕੁਲਵੰਤ ਸਿੰਘ ਸਿੱਧੂ ਦੇ ਕੇਂਦਰੀ ਜੇਲ੍ਹ ਦੌਰੇ ਦੌਰਾਨ ਹਵਾਲਾਤੀਆਂ ਤੇ ਕੈਦੀਆਂ ਵੱਲੋਂ ਉਨ੍ਹਾਂ ਨੂੰ ਆਪਣੀਆਂ ਸਮੱਸਿਆਵਾਂ ਬਾਰੇ ਜਾਣੂੰ ਕਰਵਾਇਆ ਗਿਆ ਸੀ ਜਿਸ ਵਿੱਚ ਪੀਣ ਵਾਲੇ ਠੰਡੇ ਪਾਣੀ ਬਾਰੇ ਵੀ ਦੱਸਿਆ ਗਿਆ ਸੀ। ਮਨੁੱਖਤਾ ਨੂੰ ਸਮਰਪਿਤ ਅਤੇ ਅੱਤ ਦੇ ਗਰਮ ਮੌਸਮ ਨੂੰ ਧਿਆਨ ਵਿੱਚ ਰੱਖਦਿਆਂ ਵਿਧਾਇਕ ਸਿੱਧੂ ਵੱਲੋਂ, ਹੈਲਪਫੁਲ ਐਨ.ਜੀ.ਓ. ਵੈਲਫੇਅਰ ਸੋਸਾਇਟੀ ਦੇ ਸਹਿਯੋਗ ਨਾਲ ਅੱਜ 2 ਪੀਣ ਵਾਲੇ ਪਾਣੀ ਦੇ ਕੂਲਰ ਮੁਹੱਈਆ ਕਰਵਾਏ ਗਏ। ਵਿਧਾਇਕ ਸਿੱਧੂ ਦੇ ਧਿਆਨ ਵਿੱਚ ਆਇਆ ਕਿ ਮਾਣਯੋਗ ਅਦਾਲਤਾਂ ਵੱਲੋਂ ਕੁੱਝ ਕੈਦੀਆਂ ਨੂੰ ਸਜ਼ਾ ਦੇ ਨਾਲ-ਨਾਲ ਜੁਰਮਾਨਾ ਵੀ ਕੀਤਾ ਜਾਂਦਾ ਹੈ ਅਤੇ ਜੁਰਮਾਨਾ ਨਾ ਭਰਨ ਦੀ ਸੂਰਤ ਵਿੱਚ ਵਾਧੂ ਕੈਦ ਕੱਟਣੀ ਪੈਂਦੀ ਹੈ। ਉਨ੍ਹਾਂ ਕਿਹਾ ਕਿ ਜਿਹੜੇ ਕੈਦੀ ਛੋਟੇ-ਮੋਟੇ ਜੁਰਮਾਨੇ ਭਰਨ ਤੋਂ ਅਸਮਰੱਥ ਹਨ, ਐਨ.ਜੀ.ਓ. ਦੇ ਸਹਿਯੋਗ ਨਾਲ ਉਨ੍ਹਾਂ ਦੇ ਜੁਰਮਾਨੇ ਵੀ ਭਰਵਾਏ ਜਾਣਗੇ।

ਜ਼ਿਕਰਯੋਗ ਹੈ ਕਿ ਬੀਤੇ ਦਿਨੀਂ ਵਿਧਾਇਕ ਸ. ਕੁਲਵੰਤ ਸਿੰਘ ਸਿੱਧੂ ਵੱਲੋਂ ਹਵਾਲਾਤੀਆਂ ਅਤੇ ਕੈਦੀਆਂ ਲਈ ਜ਼ਰੂਰੀ ਦਵਾਈਆਂ ਵੀ ਵੰਡੀਆਂ ਗਈਆਂ ਜਿਸ ਵਿੱਚ ਓ.ਆਰ.ਐਸ. ਦੇ 1 ਹਜ਼ਾਰ ਪਾਊਚ, ਸੈਟਰੀਜਨ ਦੇ 1 ਹਜ਼ਾਰ ਪੱਤੇ, ਲੋਪਰੋਮਾਈਡ ਦੇ 1 ਹਜ਼ਾਰ ਪੱਤੇ, ਜੈਸਿਕ ਪੀ.ਸੀ.ਐਮ. ਦੇ 1 ਹਜ਼ਾਰ ਪੱਤੇ ਅਤੇ ਡੋਨਪੈਰੀਡੋਨ ਦੇ 1 ਹਜ਼ਾਰ ਪੱਤੇ ਵੀ ਸ਼ਾਮਲ ਸਨ।